Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


Vol 20*Issue 93 Tuesday, May 11, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਕਈ ਯੂਨੀਵਰਸਿਟੀਜ਼ ਨੂੰ ਨਹੀਂ ਚਾਹੀਦਾ ਵੈਕਸੀਨੇਸ਼ਨ ਦਾ ਸਬੂਤ



ਓਟਵਾ, 10 ਮਈ (ਪੋਸਟ ਬਿਊਰੋ) : ਸਤੰਬਰ ਵਿੱਚ ਕੁੱਝ ਯੂਨੀਵਰਸਿਟੀਜ਼ ਵਿੱਚ ਫਿਜ਼ੀਕਲ ਕਲਾਸਰੂਮ ਵਿੱਚ ਪਰਤਣ ਲਈ ਲਾਜ਼ਮੀ ਤੌਰ ਉੱਤੇ ਕੋਵਿਡ-19 ਵੈਕਸੀਨ ਲੱਗੇ ਹੋਣਾ ਜ਼ਰੂਰੀ ਸ਼ਰਤ ਨਹੀਂ ਰੱਖੀ ਗਈ ਹੈ। ਕਈ ਵੱਡੀਆਂ ਯੂਨੀਵਰਸਿਟੀਜ਼ ਦਾ ਕਹਿਣਾ ਹੈ ਕਿ ਵਿਦਿਆਰਥੀਆਂ ਦੀ ਇਮਿਊਨਾਈਜ਼ੇਸ਼ਨ ਦਾ ਸਬੂਤ ਲਾਜ਼ਮੀ ਕਰਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ...ਬਾਕੀ ਪੰਨਾ 3 'ਤੇ

## ਇਸ ਵੀਕੈਂਡ 32 ਘੰਟੇ ਦਾ ਮੈਰਾਥਨ ਵੈਕਸੀਨੇਸ਼ਨ ਕਲੀਨਿਕ ਚਲਾਵੇਗਾ ਪੀਲ



ਮਿਸੀਸਾਗਾ, 10 ਮਈ (ਪੋਸਟ ਬਿਊਰੋ) : ਇਸ ਵੀਕੈਂਡ ਪੀਲ ਰੀਜਨ ਵੱਲੋਂ ਮਿਸੀਸਾਗਾ ਵਿੱਚ 32 ਘੰਟਿਆਂ ਲਈ ਮੈਰਾਥਨ ਵੈਕਸੀਨੇਸ਼ਨ ਕਲੀਨਿਕ ਚਲਾਇਆ ਜਾਵੇਗਾ।

ਇਸ ਨੂੰ ਡੋਜ਼ਿਜ਼ ਆਫਟਰ ਡਾਰਕ ਦਾ ਨਾਂ ਦਿੱਤਾ ਗਿਆ ਹੈ ਤੇ ਇਸ ਦੌਰਾਨ ਇੰਟਰਨੈਸ਼ਨਲ ਸੈਂਟਰ ਉੱਤੇ ਸ਼ਨਿੱਚਰਵਾਰ ਦੁਪਹਿਰੇ 12:30 ਉੱਤੇ ਸ਼ੁਰੂ ਹੋ ਕੇ ਐਤਵਾਰ ਰਾਤੀਂ 8:30 ਵਜੇ ਤੱਕ ਟੀਕਾਕਰਣ ਕੀਤਾ ਜਾਵੇਗਾ। ਇਸ ਦੌਰਾਨ ਸਰਕਾਰ ਦਾ ਟੀਚਾ 7600 ਡੋਜ਼ਾਂ ਲਾਉਣ ਦਾ ਹੈ ਜਿਨ੍ਹਾਂ ਵਿੱਚੋਂ 5000 ਟੀਕੇ ਰਾਤ ਸਮੇਂ ਲਾਏ ਜਾਣ ਦੀ ਸੰਭਾਵਨਾ ਹੈ। ਇਸ ਈਵੈਂਟ ਲਈ ਮੰਗਲਵਾਰ ਤੋਂ ਸ਼ੁਰੂ ਹੋ ਕੇ ਪੀਲ ਰੀਜਨ ਦੇ ਵੈਕਸੀਨ ਪੋਰਟਲ ਉੱਤੇ 18 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਸ਼ਖ਼ਸ ਅਪੁਆਇੰਟਮੈਂਟ ਬੁੱਕ ਕਰਵਾ ਸਕਦਾ ਹੈ।

ਰੀਜਨ ਦੇ ਉੱਘੇ ਡਾਕਟਰ ਲਾਰੈਂਸ ਲੋਹ ਵੱਲੋਂ ਵੀ ਇਸ ਮੈਰਾਥਨ ਵਿੱਚ ਸੱਭ ਨੂੰ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਗਈ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਇਸ ਦੌਰਾਨ ਨਾਮੀ ਡਾਕਟਰ ਤੇ ਵੈਕਸੀਨ ਐਡਮਨਿਸਟ੍ਰੇਟਰਜ਼ ਮੌਕੇ ਉੱਤੇ ਮੌਜੂਦ ਰਹਿਣਗੇ।

# ਓਨਟਾਰੀਓ ਵਿਚ ਸਟੇਅ ਐਟ ਹੋਮ ਪਾਬੰਦੀਆਂ ਜੂਨ ਤੱਕ ਰੱਖੀਆਂ ਜਾਣਗੀਆਂ ਜਾਰੀ !

ਟੋਰਾਂਟੋ, 10 ਮਈ (ਪੋਸਟ ਬਿਊਰੋ) : ਓਨਟਾਰੀਓ ਨੂੰ ਪ੍ਰੋਵਿੰਸ ਵਿੱਚ ਸਟੇਅ ਐਟ ਹੋਮ ਆਰਡਰਜ਼ ਦੇ ਹੁਕਮ ਜਾਰੀ ਰੱਖਣ ਦੀ ਸਲਾਹ ਦਿੱਤੀ ਗਈ ਹੈ। ਇਸ ਨਾਲ ਹੁਣ ਸਟੇਅ ਐਟ ਹੋਮ ਆਰਡਰਜ਼ ਜੂਨ ਤੱਕ ਵਧਾਏ ਜਾ ਸਕਦੇ ਹਨ। ਇਹ ਵੀ ਆਖਿਆ ਜਾ ਰਿਹਾ ਹੈ ਕਿ ਇਨ੍ਹਾਂ ਹੁਕਮਾਂ ਵਿੱਚ ਉਦੋਂ ਤੱਕ ਢਿੱਲ ਨਾ ਦਿੱਤੀ ਜਾਵੇ ਜਦੋਂ ਤੱਕ ਪ੍ਰੋਵਿੰਸ ਵਿੱਚ ਕੋਵਿਡ -19 ਦੇ ਮਾਮਲਿਆਂ ਵਿੱਚ ਕਮੀ ਨਹੀਂ ਆ ਜਾਂਦੀ।



ਹੈਲਥ ਮੰਤਰੀ ਕ੍ਰਿਸਟੀਨ ਐਲੀਅਟ ਵੱਲੋਂ ਇਹ ਸੰਕੇਤ ਦਿੱਤਾ ਗਿਆ ਹੈ ਕਿ ਤੀਜੀ ਵੇਵ ਵਿੱਚ ਕੋਵਿਡ-19 ਮਾਮਲਿਆਂ ਵਿੱਚ ਹੋਏ ਵਾਧੇ ਦੌਰਾਨ ਲਾਈਆਂ ਗਈਆਂ ਪਾਬੰਦੀਆਂ ਵਾਪਿਸ ਲੈਣ ਦਾ ਅਜੇ ਸਹੀ ਸਮਾਂ ਨਹੀਂ ਆਇਆ। ਉਨ੍ਹਾਂ ਆਖਿਆ ਕਿ ਅਗਲਾ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਪ੍ਰੋਵਿੰਸ ਚਾਹੁੰਦਾ ਹੈ ਕਿ ਕੋਵਿਡ-19 ਦੇ ਮਾਮਲਿਆਂ ਵਿੱਚ ਕਾਫੀ ਕਮੀ ਆ ਜਾਵੇ ਤੇ ਅਗਲੇ ਹੁਕਮਾਂ ਵਿੱਚ ਢਿੱਲ ਦੇਣ ਤੋਂ ਪਹਿਲਾਂ ਆਈਸੀਯੂ ਐਡਮਿਸ਼ਨਜ਼ ਵਿੱਚ ਵੀ ਕਮੀ ਆਉਣੀ ਜ਼ਰੂਰੀ ਹੈ।

ਸੋਮਵਾਰ ਨੂੰ ਕੁਈਨਜ਼ ਪਾਰਕ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਐਲੀਅਟ ਨੇ ਆਖਿਆ ਕਿ ਮੈਡੀਕਲ ਮਾਹਿਰ ਇਸ ਗੱਲ ਨੂੰ ਲੈ ਕੇ ਸਪਸ਼ਟ ਹਨ ਕਿ ਸਾਨੂੰ ਅਜੇ ਸਟੇਅ ਐਟ ਹੋਮ ਹੁਕਮ ਜਾਰੀ ਰੱਖਣੇ ਚਾਹੀਦੇ ਹਨ। ਪ੍ਰੋਵਿੰਸ਼ੀਅਲ ਹੈਲਥ ਐਡਵਾਈਜ਼ਰਜ਼ ਦਾ ਵੀ ਇਹੋ ਮੰਨਣਾ ਹੈ ਕਿ ਲੋਕਲ ਮੈਡੀਕਲ ਅਫਸਰਾਂ ਦੀ ਸਲਾਹ ਠੀਕ ਹੈ। ਉਨ੍ਹਾਂ ਪ੍ਰੀਮੀਅਰ ਡੱਗ ਫੋਰਡ ਨੂੰ ਪੱਤਰ ਲਿਖ ਕੇ ਐਮਰਜੰਸੀ ਹੁਕਮਾਂ ਵਿੱਚ ਵਾਧਾ ਕਰਨ ਦੀ ਮੰਗ ਕੀਤੀ।

ਉਨ੍ਹਾਂ ਆਖਿਆ ਕਿ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਪਾਬੰਦੀਆਂ ਵਿੱਚ ਕਿਸੇ ਵੀ ਕਿਸਮ ਦੀ ਢਿੱਲ ਨਾਲ ਕੋਵਿਡ-19 ਦੇ ਮਾਮਲਿਆਂ ਵਿੱਚ ਪਿਆ ਮੋੜਾ ਮੁੱਕ ਜਾਵੇਗਾ ਤੇ ਮੁੜ ਇਹ ਮਾਮਲੇ ਵਧਣ ਲੱਗਣਗੇ। ਇਸ ਪੱਤਰ ਉੱਤੇ ਕਾਊਂਸਲ ਆਫ ਓਨਟਾਰੀਓ ਮੈਡੀਕਲ ਆਫੀਸਰਜ਼ ਆਫ ਹੈਲਥ ਵੱਲੋਂ ਵੀ ਦਸਤਖ਼ਤ ਕੀਤੇ ਗਏ ਹਨ।

## ਦਿਲ ਦਹਿਲਾ ਦੇਣ ਵਾਲੇ ਸਨ ਟੋਰਾਂਟੋ ਦੇ ਦੋ ਲਾਂਗ ਟਰਮ ਕੇਅਰ ਹੋਮਜ਼ ਦੇ ਹਾਲਾਤ : ਰਿਪੋਰਟ

ਟੋਰਾਂਟੋ, 10 ਮਈ (ਪੋਸਟ ਬਿਊਰੋ) : ਕੈਨੇਡੀਅਨ ਮਿਲਟਰੀ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਕੋਵਿਡ-19 ਮਹਾਂਮਾਰੀ ਦੌਰਾਨ ਟੋਰਾਂਟੋ ਦੇ ਲਾਂਗ ਟਰਮ ਕੇਅਰ ਹੋਮਜ਼ ਵਿੱਚ ਉਨ੍ਹਾਂ ਦੀ ਤਾਇਨਾਤੀ ਤੋਂ ਪਹਿਲਾਂ ਹੀ ਦੋ ਦਰਜਨ ਰੈਜ਼ੀਡੈਂਟਸ ਦੀ ਮੌਤ ਡੀਹਾਈਡ੍ਰੇਸ਼ਨ ਨਾਲ ਹੋ ਚੁੱਕੀ ਸੀ। ਇੱਕ ਤਾਜ਼ਾ ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਲਾਂਗ ਟਰਮ ਕੇਅਰ ਹੋਮਜ਼ ਦਾ ਹਾਲ ਐਨਾ ਮਾੜਾ ਸੀ ਕਿ ਉਥੇ ਫਰਸ਼ ਉੱਤੇ ਹੀ ਮਲ ਫੈਲਿਆ ਹੋਇਆ ਸੀ ਤੇ



ਕੰਧਾਂ ਉਲਟੀਆ ਨਾਲ ਭਰੀਆਂ ਹੋਈਆਂ ਸਨ।

ਓਨਟਾਰੀਓ ਦੇ ਲਾਂਗ ਟਰਮ ਕੇਅਰ ਹੋਮ ਕਮਿਸ਼ਨ ਕੋਲ ਜਮ੍ਹਾਂ ਕਰਵਾਏ ਗਏ ਦਸਤਾਵੇਜ਼ਾਂ ਵਿੱਚ ਆਖਿਆ ਗਿਆ ਕਿ ਟੋਰਾਂਟੋ ਦੇ ਦੋ ਲਾਂਗ ਟਰਮ ਕੇਅਰ ਹੋਮਜ਼ ਦੇ ਅੰਦਰਲੇ ਹਾਲਾਤ ਦਿਲ ਦਹਿਲਾ ਦੇਣ ਵਾਲੇ ਸਨ। ਰਿਪੋਰਟ ਵਿੱਚ ਸਾਫ ਤੌਰ ਉੱਤੇ ਆਖਿਆ ਗਿਆ ਹੈ ਕਿ ਕੋਵਿਡ-19 ਦੌਰਾਨ ਇਨ੍ਹਾਂ ਲਾਂਗ ਟਰਮ ਕੇਅਰ ਦੇ ਰੈਜ਼ੀਡੈਂਟਸ ਦੀ ਅਣਗਹਿਲੀ ਕੀਤੀ ਗਈ, ਉਹ ਕੁਪੋਸ਼ਣ ਦਾ ਸ਼ਿਕਾਰ ਹੋਏ। ਕੈਨੇਡੀਅਨ ਆਰਮਡ ਫੋਰਸਿਜ਼ (ਸੀਏਐਫ) ਨੂੰ ਕੋਵਿਡ-19 ਆਊਟਬ੍ਰੇਕਸ ਤੋਂ ਬਾਅਦ ਓਨਟਾਰੀਓ ਦੇ ਸੱਤ ਲਾਂਗ ਟਰਮ ਕੇਅਰ ਹੋਮਜ਼ ਦੀ ਮਦਦ ਲਈ ਅਪਰੈਲ 2020 ਵਿੱਚ ਸੱਦਿਆ ਗਿਆ। ...ਬਾਕੀ ਪੰਨਾ 3 'ਤੇ

## ਮੋਟਰਸਾਈਕਲ ਹਾਦਸੇ ਵਿੱਚ 7 ਬੱਚਿਆਂ ਦੀ ਮਾਂ ਦੀ ਹੋਈ ਮੌਤ



ਐਡਮੰਟਨ, 10 ਮਈ (ਪੋਸਟ ਬਿਊਰੋ) : ਫੇਅਰਵਿਊ, ਅਲਬਰਟਾ ਨੇੜੇ ਸ਼ੁੱਕਰਵਾਰ ਨੂੰ ਮਾਰੀ ਗਈ ਮੋਟਰਸਾਈਕਲਿਸਟ ਸੱਤ ਬੱਚਿਆਂ ਦੀ ਸਿੰਗਲ ਮਾਂ ਸੀ ਤੇ ਉਹ ਇੱਕ ਬਿਜ਼ਨਸ ਵੂਮਨ ਦੇ ਨਾਲ ਨਾਲ ਵਾਲੰਟੀਅਰ ਫਾਇਰਫਾਈਟਰ ਵੀ ਸੀ।

42 ਸਾਲਾ ਚੈਂਟਲ ਜੈਡਟ ਉਸ ਸਮੇਂ ਰੈੱਡ ਅਰਥ ਕ੍ਰੀਕ ਵਿੱਚ ਆਪਣੇ ਕੰਮ ਤੋਂ ਗ੍ਰੈਂਡ ਪ੍ਰੇਰੀ, ਅਲਬਰਟਾ ਸਥਿਤ ਆਪਣੇ ਘਰ ਪਰਤ ਰਹੀ ਸੀ ਜਦੋਂ ਇਹ ਹਾਦਸਾ ਵਾਪਰਿਆ। ਆਰਸੀਐਮਪੀ ਦਾ ਕਹਿਣਾ ਹੈ ਕਿ ਦੋ ਮੋਟਰਸਾਈਕਲ ਦੱਖਣ ਵੱਲ ਜਾ ਰਹੇ ਸਨ ਤੇ ਉੱਤਰ ਵੱਲ ਜਾ ਰਹੇ ਇੱਕ ਪਿੱਕਅੱਪ ਟਰੱਕ ਦੀ ਉਨ੍ਹਾਂ ਨਾਲ ਟੱਕਰ ਹੋ ਗਈ। ...ਬਾਕੀ ਪੰਨਾ 3 'ਤੇ

## ਵੈਨਕੂਵਰ ਏਅਰਪੋਰਟ ਦੇ ਬਾਹਰ ਹੋਈ ਸ਼ੂਟਿੰਗ ਗੈਂਗ ਵਾਰ ਨਾਲ ਸਬੰਧਤ ਹੋਣ ਦਾ ਸ਼ੱਕ

ਵੈਨਕੂਵਰ, 10 ਮਈ (ਪੋਸਟ ਬਿਊਰੋ) : ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਦੇ ਬਾਹਰ ਐਤਵਾਰ ਦੁਪਹਿਰ ਨੂੰ ਜਿਸ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕੀਤੀ ਗਈ ਉਸ 28 ਸਾਲਾ ਵਿਅਕਤੀ ਨੂੰ ਪੁਲਿਸ ਜਾਣਦੀ ਸੀ। ਪੁਲਿਸ ਦਾ ਇਹ ਵੀ ਆਖਣਾ ਹੈ ਕਿ ਇਹ ਘਟਨਾ ਗੈਂਗ ਵਾਰ ਨਾਲ ਸਬੰਧਤ ਹੋ ਸਕਦੀ ਹੈ।

ਇੰਟੇਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਬੁਲਾਰੇ ਸਾਰਜੈਂਟ ਫਰੈਂਕ ਜੈਂਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਵਾਰਦਾਤ ਵਾਲੀ ਥਾਂ ਤੋਂ 28 ਕਿਲੋਮੀਟਰ ਦੀ ਦੂਰੀ ਉੱਤੇ ਸਰ੍ਹੀ ਵਿੱਚ ਇੱਕ ਐਸਯੂਵੀ ਮਿਲੀ ਜਿਸ ਨੂੰ ਅੱਗ ਲੱਗੀ ਹੋਈ ਸੀ। ਇਹ ਮੰਨਿਆ ਜਾ ਰਿਹਾ ਹੈ ਕਿ ਇਹੀ ਉਹ ਗੱਡੀ ਸੀ ਜਿਸ ਵਿੱਚ ਮਸ਼ਕੂਕ ਵੱਲੋਂ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਗਈ। ਜੈਂਗ ਨੇ ਦੱਸਿਆ ਕਿ ਗੱਡੀ ਵਿੱਚ ਦੋ ਮਸ਼ਕੂਕ ਸਵਾਰ ਹੋ ਸਕਦੇ ਹਨ। ਉਨ੍ਹਾਂ ਆਖਿਆ ਕਿ ਪੁਲਿਸ ਦਾ ਮੰਨਣਾ ਹੈ ਕਿ ਇਸ ਗੱਡੀ ਵਿੱਚ ਹੋਰ ਲੋਕ ਵੀ ਸਵਾਰ ਹੋ ਸਕਦੇ ਹਨ। ਉਨ੍ਹਾਂ ਆਖਿਆ ਕਿ ਇਹ ਸ਼ੂਟਿੰਗ ਲੋਅਰ ਮੇਨਲੈਂਡ ਵਿੱਚ ਜਾਰੀ ਗੈਂਗ ਵਾਰ ਨਾਲ ਵੀ ਸਬੰਧਤ ਹੋ ਸਕਦੀ ਹੈ।




ਅਧਿਕਾਰੀਆਂ ਵੱਲੋਂ ਲੋਕਾਂ ਤੋਂ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਸਰ੍ਹੀ ਵਿੱਚ ਪ੍ਰਿੰਸੈੱਸ ਡਰਾਈਵ ਦੇ 9700 ਬਲਾਕ ਤੇ ਏਅਰਪੋਰਟ ਦਰਮਿਆਨ ਵਾਲੇ ਰੂਟ ਦੀ ਕੋਈ ਡੈਸ਼ ਕੈਮ ਵੀਡੀਓ ਜਾਂ ਕਿਸੇ ਹੋਰ ਕਿਸਮ ਦੀ ਜਾਣਕਾਰੀ ਹੈ ਤਾਂ ਉਹ ਪੁਲਿਸ ਨਾਲ ਸੰਪਰਕ ਕਰਨ। ਇਸ ਦੌਰਾਨ ਰਿਚਮੰਡ ਆਰਸੀਐਮਪੀ ਡਿਟੈਚਮੈਂਟ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਐਤਵਾਰ ਸਵੇਰੇ ਉਨ੍ਹਾਂ ਦਾ ਟਾਕਰਾ ਸ਼ੱਕੀ ਗੱਡੀ ਵਿੱਚ ਸਵਾਰ ਲੋਕਾਂ ਨਾਲ ਹੋਇਆ ਸੀ ਤੇ ਗੱਡੀ ਵਿੱਚੋਂ ਪੁਲਿਸ ਅਧਿਕਾਰੀਆਂ ਉੱਤੇ ਗੋਲੀਆਂ ਵੀ ਚਲਾਈਆਂ ਗਈਆਂ ਸਨ ਪਰ ਇਸ ਘਟਨਾ ਵਿੱਚ ਕੋਈ ਵੀ ਅਧਿਕਾਰੀ ਜ਼ਖ਼ਮੀ ਨਹੀਂ ਸੀ ਹੋਇਆ।

ਇਸ ਤੋਂ ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਐਤਵਾਰ ਦੁਪਹਿਰ ਨੂੰ ਰਿਚਮੰਡ, ਬੀਸੀ ਦੇ ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਦੇ ਮੁੱਖ ਟਰਮੀਨਲ ਦੇ ਬਾਹਰ ਇੱਕ ਵਿਅਕਤੀ ਨੂੰ ਗੋਲੀ ਮਾਰ ਕੇ ਮਾਰੇ ਜਾਣ ਦੇ ਮਾਮਲੇ ਦੀ ਹੋਮੀਸਾਈਡ ਡਿਟੈਕਟਿਵਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਟਵੀਟ ਵਿੱਚ ਇੰਟੇਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਵੱਲੋਂ ਇਸ ਕਤਲ ਦੀ ਪੁਸ਼ਟੀ ਕੀਤੀ ਗਈ। ਬੀਸੀ ਐਮਰਜੰਸੀ ਹੈਲਥ ਸਰਵਿਸਿਜ਼ ਦੇ ਬੁਲਾਰੇ ਨੇ ਆਖਿਆ ਕਿ ਏਅਰਪੋਰਟ ਉੱਤੇ ਮੌਜੂਦ ਬਾਈਸਾਈਕਲ ਪੈਰਾਮੈਡਿਕਸ ਦੁਪਹਿਰੇ 3:00 ਵਜੇ ਤੋਂ ਪਹਿਲਾਂ ਘਟਨਾ ਵਾਲੀ ਥਾਂ ਉੱਤੇ ਪਹੁੰਚੇ। ਸ਼ੂਟਿੰਗ ਤੋਂ ਬਾਅਦ ਦੋ ਐਂਬੂਲੈਂਸਾਂ ਵੀ ਏਅਰਪੋਰਟ ਰਵਾਨਾ ਕੀਤੀਆਂ ਗਈਆਂ ਪਰ ਕਿਸੇ ਨੂੰ ਹਸਪਤਾਲ ਨਹੀਂ ਲਿਜਾਇਆ ਗਿਆ।

ਘਟਨਾ ਵਾਲੀ ਥਾਂ ਦੇ ਆਲੇ ਦੁਆਲੇ ਪੁਲਿਸ ਵੱਲੋਂ ਟੇਪ ਲਾ ਦਿੱਤੀ ਗਈ ਹੈ ਤੇ ਆਲੇ ਦੁਆਲੇ ਨੂੰ ਕਵਰ ਕਰ ਦਿੱਤਾ ਗਿਆ ਹੈ ਤਾਂ ਕਿ ਲੋਕ ਸ਼ੂਟਿੰਗ ਵਾਲੀ ਥਾਂ ਨੂੰ ਨਾ ਵੇਖ ਸਕਣ। ਪੁਲਿਸ ਵੱਲੋਂ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਕੈਨੇਡਾ ਦੇ ਕਈ ਲਾਈਨ ਸਟੇਸ਼ਨਜ਼ ਤੇ ਏਅਰਪੋਰਟ ਦੇ ਨੇੜੇ ਤੇੜੇ ਦੀਆਂ ਕਈ ਮੇਨ ਰੋਡਜ਼ ਨੂੰ ਬੰਦ ਕਰ ਦਿੱਤਾ ਹੈ। ਮੈਟਰੋ ਵੈਨਕੂਵਰ ਟਰਾਂਜ਼ਿਟ ਪੁਲਿਸ ਨੇ ਦੱਸਿਆ ਕਿ ਸਕਾਇ ਟਰੇਨ ਨੂੰ ਬੰਦ ਕੀਤਾ ਜਾਣਾ ਅਹਿਤਿਆਤਨ ਚੁੱਕਿਆ ਗਿਆ ਕਦਮ ਹੈ।

ਦੁਪਹਿਰੇ 4:00 ਵਜੇ ਸੜਕਾਂ ਉੱਤੇ ਆਵਾਜਾਈ ਮੁੜ ਖੋਲ੍ਹ ਦਿੱਤੀ ਗਈ ਤੇ ਏਅਰਪੋਰਟ ਨੂੰ ਜਾਣ ਵਾਲੀ ਕੈਨੇਡਾ ਲਾਈਨ ਮੁੜ ਸ਼ੁਰੂ ਕਰ ਦਿੱਤੀ ਗਈ। ਏਅਰਪੋਰਟ ਨੇ ਆਖਿਆ ਕਿ ਇਸ ਘਟਨਾ ਦੇ ਸਬੰਧ ਵਿੱਚ ਉਹ ਆਰਸੀਐਮਪੀ ਨਾਲ ਰਲ ਕੇ ਕੰਮ ਕਰ ਰਿਹਾ ਹੈ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਨਿਊਜ਼ੀਲੈਂਡ ਦੀ ਸੁਪਰਮਾਰਕਿਟ ਵਿੱਚ ਇੱਕ ਸਿਰਫਿਰੇ ਨੇ ਚਾਕੂ ਨਾਲ ਕੀਤਾ ਹਮਲਾ, 5 ਜ਼ਖ਼ਮੀ



ਵੈਲਿੰਗਟਨ, ਨਿਊਜ਼ੀਲੈਂਡ, 10 ਮਈ (ਪੋਸਟ ਬਿਊਰੋ) : ਨਿਊਜ਼ੀਲੈਂਡ ਦੀ ਇੱਕ ਸੁਪਰਮਾਰਕਿਟ ਵਿੱਚ ਸ਼ਾਪਿੰਗ ਕਰ ਰਹੇ ਲੋਕਾਂ ਅਤੇ ਸਟਾਫ ਮੈਂਬਰਾਂ ਉੱਤੇ ਚਾਕੂ ਨਾਲ ਹਮਲਾ ਕਰਕੇ ਇੱਕ ਸਿਰਫਿਰੇ ਨੇ ਪੰਜ ਵਿਅਕਤੀਆਂ ਨੂੰ ਜ਼ਖ਼ਮੀ ਕਰ ਦਿੱਤਾ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਪਰ ਇਸ ਹਮਲੇ ਤੋਂ ਫੌਰੀ ਬਾਅਦ ਹੀ ਮਾਰਕਿਟ ਵਿੱਚ ਮੌਜੂਦ ਲੋਕਾਂ ਤੇ ਸਟਾਫ ਮੈਂਬਰਾਂ ਵੱਲੋਂ ਉਸ ਨੂੰ ਕਾਬੂ ਕਰ ਲਏ ਜਾਣ ਦੀ ਅਧਿਕਾਰੀਆਂ ਵੱਲੋਂ ਖੂਬ ਸਿਫਤ ਕੀਤੀ ਜਾ ਰਹੀ ਹੈ।

ਨਿਊਜ਼ੀਲੈਂਡ ਪੁਲਿਸ ਸੁਪਰਡੈਂਟ ਪਾਲ ਬਾਸਮ ਨੇ ਆਖਿਆ ਕਿ ਕਾਊਂਟਡਾਊਨ ਸੁਪਰਮਾਰਕਿਟ ਵਿੱਚ ਹੋਏ ਇਸ ਹਮਲੇ ਦੀ ਫੁਟੇਜ ਤੋਂ ਸਾਹ-ਮਣੇ ਆਇਆ ਹੈ ਕਿ ਪੁਲਿਸ ਦੇ ਆਉਣ ਤੱਕ ਹਮਲਾਵਰ ਨੂੰ ਉੱਥੇ ਖੜ੍ਹੇ ਲੋਕਾਂ ਨੇ ਕਿਸ ਤਰ੍ਹਾਂ ਕਾਬੂ ਕਰੀ ਰੱਖਿਆ। ਅਜਿਹਾ ਕਰਦਿਆਂ ਹੋਇਆਂ ਕਈ ਖੁਦ ਜ਼ਖ਼ਮੀ ਹੋ ਗਏ ਪਰ ਉਨ੍ਹਾਂ ਸਾਰਿਆਂ ਨੇ ਉਸ ਹਮਲਾਵਰ ਨੂੰ ਹੋਰਨਾਂ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕ ਲਿਆ।

ਜ਼ਖ਼ਮੀਆਂ ਵਿੱਚ ਸੁਪਰਮਾਰਕਿਟ ਦੇ ਦੋ ਸਟਾਫ ਮੈਂਬਰ ਵੀ ਸਨ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਵੀ ਜ਼ਖ਼ਮੀ ਹੋ ਗਿਆ ਤੇ ਉਸ ਦਾ ਇਲਾਜ ਪੁਲਿਸ ਦੇ ਸਾਹਮਣੇ ਕੀਤਾ ਗਿਆ। ਪੁਲਿਸ ਵੱਲੋਂ ਉਸ ਨੂੰ ਅਜੇ ਚਾਰਜ ਕੀਤਾ ਜਾਣਾ ਹੈ। ਕੁੱਝ ਲੋਕ ਤਾਂ ਚੀਕਾਂ ਮਾਰ ਕੇ ਇੱਧਰ ਉੱਧਰ ਭੱਜਣ ਲੱਗੇ ਤੇ ਕੁੱਝ ਜ਼ਖ਼ਮੀਆਂ ਦੀ ਮਦਦ ਲਈ ਭੱਜੇ। ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਆਖਿਆ ਕਿ ਇਸ ਹਮਲੇ ਦਾ ਅਸਲ ਕਾਰਨ ਅਜੇ ਤੱਕ ਸਮਝ ਨਹੀਂ ਆਇਆ ਪਰ ਇਸ ਗੱਲ ਦੇ ਵੀ ਕੋਈ ਸਬੂਤ ਨਹੀਂ ਮਿਲੇ ਹਨ ਕਿ ਇਹ ਮਾਮਲਾ ਘਰੇਲੂ ਅੱਤਵਾਦ ਨਾਲ ਜੁੜਿਆ ਹੈ। ਆਰਡਰਨ ਨੇ ਆਖਿਆ ਕਿ ਪੰਜ ਵਿਅਕਤੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਡਿਊਨਡਿਨ ਹਸਪਤਾਲ ਲਿਜਾਇਆ ਗਿਆ।

# ਐਨਡੀਪੀ ਵੱਲੋਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਹੋਈਆਂ ਮੌਤਾਂ ਦੀ ਜਾਂਚ ਕਰਨ ਦੀ ਮੰਗ ਦਾ ਮੁਲਾਂਕਣ ਕਰ ਰਹੀ ਹੈ ਪੁਲਿਸ

ਓਨਟਾਰੀਓ, 10 ਮਈ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਉਹ ਇਸ ਗੱਲ ਦਾ ਮੁਲਾਂਕਣ ਕਰ ਰਹੀ ਹੈ ਕਿ ਕੋਵਿਡ-19 ਮਹਾਂਮਾਰੀ ਦੌਰਾਨ ਲਾਂਗ ਟਰਮ ਕੇਅਰ ਹੋਮਜ਼ ਵਿੱਚ ਹੋਈਆਂ ਮੌਤਾਂ ਲਈ ਮੁਜਰਮਾਨਾ ਚਾਰਜਿਜ਼ ਲਾਏ ਜਾਣੇ ਚਾਹੀਦੇ ਹਨ ਜਾਂ ਨਹੀਂ। ਅਜਿਹਾ ਕਰਨ ਲਈ ਓਨਟਾਰੀਓ ਦੀ ਨੈਸ਼ਨਲ ਡੈਮੋਕ੍ਰੈਟਿਕ ਪਾਰਟੀ ਵੱਲੋਂ ਬੇਨਤੀ ਕੀਤੀ ਗਈ ਹੈ।

ਪਿਛਲੇ ਹਫਤੇ ਐਨਡੀਪੀ ਦੀ ਆਗੂ ਐਂਡਰੀਆ ਹੌਰਵਥ ਨੇ ਓਪੀਪੀ ਦੇ ਕਮਿਸ਼ਨਰ ਥਾਮਸ ਕਰੀਕ ਨੂੰ ਇੱਕ ਪੱਤਰ ਭੇਜ ਕੇ ਮੰਗ ਕੀਤੀ ਸੀ ਕਿ ਲਾਂਗ ਟਰਮ ਕੇਅਰ ਹੋਮਜ਼ ਵਿੱਚ ਹੋਈਆਂ ਮੌਤਾਂ ਦੀ ਜਾਂਚ ਕੀਤੀ ਜਾਵੇ ਕਿਉਂਕਿ ਕਈ ਰਿਪੋਰਟਾਂ ਅਨੁਸਾਰ ਉੱਥੇ ਹੋਈਆਂ ਮੌਤਾਂ ਅਣਗਹਿਲੀ ਕਾਰਨ ਹੋਈਆਂ ਸਨ। ਅਸਲ ਵਿੱਚ ਲਾਂਗ ਟਰਮ ਕੇਅਰ ਸੈਟਿੰਗਜ਼ ਵਿੱਚ ਫੋਰਡ ਸਰਕਾਰ ਵੱਲੋਂ ਕੋਵਿਡ-19 ਸੰਕਟ ਨਾਲ ਜਿਸ ਤਰ੍ਹਾਂ ਨਜਿੱਠਿਆ ਗਿਆ ਐਨਡੀਪੀ ਉਸ ਦੀ ਜਾਂਚ ਕਰਵਾਉਣੀ ਚਾਹੁੰਦੀ ਹੈ।

ਆਪਣੇ ਪੱਤਰ ਵਿੱਚ ਹੌਰਵਥ ਨੇ ਅਜਿਹੇ 26 ਸੀਨੀਅਰਜ਼ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੀ ਮੌਤ ਕੋਵਿਡ-19 ਕਾਰਨ ਨਹੀਂ ਸਗੋਂ ਡੀਹਾਈਡ੍ਰੇਸ਼ਨ ਅਤੇ ਨਿਜੀ ਸਾਂਭ ਸੰਭਾਲ ਦੀ ਘਾਟ ਕਾਰਨ ਹੋਈ। ਉਨ੍ਹਾਂ ਇਹ ਵੀ ਲਿਖਿਆ ਹੈ ਕਿ



ਕਈ ਓਨਟਾਰੀਓ ਵਾਸੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਬਜ਼ੁਰਗਾਂ ਦੀ ਮੌਤ ਇਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਇਸ ਲਈ ਹੋਈ ਕਿਉਂਕਿ ਓਨਟਾਰੀਓ ਸਰਕਾਰ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਦੇ ਕਮਜ਼ੋਰ ਬਜ਼ੁਰਗਾਂ ਦੀ ਹਿਫਾਜ਼ਤ ਕਰਨ ਵਿੱਚ ਅਸਫਲ ਰਹੀ।


ਇਸ ਪੱਤਰ ਦੇ ਜਵਾਬ ਵਿੱਚ ਸੋਮਵਾਰ ਨੂੰ ਕਰੀਕ ਨੇ ਆਖਿਆ ਕਿ ਓਪੀਪੀ ਵੱਲੋਂ ਐਨਡੀਪੀ ਦੀ ਬੇਨਤੀ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ ਤੇ ਇਸ ਦੌਰਾਨ ਲਾਏ ਗਏ ਦੋਸ਼ਾਂ ਦੀ ਜਾਂਚ ਤੋਂ ਬਾਅਦ ਹੀ ਇਸ ਸਬੰਧ ਵਿੱਚ ਕੁੱਝ ਆਖਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਜਦੋਂ ਕੋਵਿਡ-19 ਆਊਟਬ੍ਰੇਕਸ ਦੌਰਾਨ ਮਿਲਟਰੀ ਨੂੰ ਲਾਂਗ ਟਰਮ ਕੇਅਰਜ਼ ਵਿੱਚ ਮਦਦ ਵਾਸਤੇ ਸੱਦਿਆ ਗਿਆ ਸੀ ਤਾਂ ਉਨ੍ਹਾਂ ਨੂੰ ਇਹ ਪਤਾ ਲੱਗਿਆ ਸੀ ਕਿ 26 ਸੀਨੀਅਰਜ਼ ਦੀ ਮੌਤ ਡੀਹਾਈਡ੍ਰੇਸ਼ਨ ਤੇ ਕੁਪੋਸ਼ਣ ਕਾਰਨ ਹੋਈ ਸੀ ਤੇ ਉਹ ਵੀ ਸੀਏਐਫ ਦੀ ਟੀਮ ਦੇ ਪਹੁੰਚਣ ਤੋਂ ਪਹਿਲਾਂ। ਇਹ ਖੁਲਾਸਾ ਲਾਂਗ ਟਰਮ ਕੇਅਰ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਕੀਤਾ ਸੀ। ਫੌਜ ਨੇ ਵੀ ਇਹੋ ਰਿਪੋਰਟ ਕੀਤੀ ਸੀ।

# ਬਰੈਂਪਟਨ ਵਿੱਚ ਹੋਏ ਹਾਦਸੇ ਵਿੱਚ ਮੋਟਰਸਾਈਕਲਿਸਟ ਦੀ ਹੋਈ ਮੌਤ

ਬਰੈਂਪਟਨ, 10 ਮਈ (ਪੋਸਟ ਬਿਊਰੋ) : ਐਤਵਾਰ ਨੂੰ ਬਰੈਂਪਟਨ ਵਿੱਚ ਹੋਏ ਇੱਕ ਹਾਦਸੇ ਕਾਰਨ ਮੋਟਰਸਾਈਲਿਸਟ ਦੀ ਮੌਤ ਹੋ ਗਈ।

ਪੀਲ ਰੀਜਨ ਦੀ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਦੁਪਹਿਰੇ 12:30 ਵਜੇ ਹਾਈਵੇਅ 410 ਦੇ ਪੱਛਮ ਵੱਲ ਕੁਈਨ ਸਟਰੀਟ ਵੈਸਟ ਏਰੀਆ ਵਿੱਚ ਸੱਦਿਆ ਗਿਆ। ਇੱਥੇ ਮੋਟਰਸਾਈਕਲ ਤੇ ਇੱਕ ਹੋਰ ਗੱਡੀ ਦਰਮਿਆਨ ਟੱਕਰ ਹੋ ਗਈ ਸੀ। ਜਿੰਨੇ ਚਿਰ ਨੂੰ ਪੁਲਿਸ ਪਹੁੰਚੀ ਓਨੇ ਚਿਰ ਨੂੰ ਮੋਟਰਸਾਈਕਲ ਚਲਾਉਣ ਵਾਲੇ ਵਿਅਕਤੀ ਦੀ ਮੌਤ ਹੋ ਚੁੱਕੀ ਸੀ।

ਪੈਰਾਮੈਡਿਕਸ ਵੱਲੋਂ ਇੱਕ ਹੋਰ ਵਿਅਕਤੀ ਦਾ ਇਲਾਜ ਮੌਕੇ ਉੱਤੇ ਹੀ ਕਰ ਦਿੱਤਾ ਗਿਆ, ਉਸ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ , ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਸ਼ਾਮਲ ਦੂਜਾ ਗੱਡੀ ਚਾਲਕ ਮੌਕੇ ਉੱਤੇ ਹੀ ਮੌਜੂਦ ਰਿਹਾ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਸ ਹਾਦਸੇ ਦਾ ਕਾਰਨ ਕੀ ਸੀ।



# ਡਾਊਨਟਾਊਨ ਵਿੱਚ ਚੱਲ ਰਹੀ ਪਾਰਟੀ ਉੱਤੇ ਪੁਲਿਸ ਨੇ ਮਾਰਿਆ ਛਾਪਾ, 2 ਦਰਜਨ ਨੂੰ ਕੀਤਾ ਗਿਆ ਚਾਰਜ

## 13000 ਡਾਲਰ ਦੀ ਸ਼ਰਾਬ ਬਰਾਮਦ



ਟੋਰਾਂਟੋ, 10 ਮਈ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਨੇ ਵੀਕੈਂਡ ਉੱਤੇ ਡਾਊਨਟਾਊਨ ਵਿੱਚ ਚੱਲ ਰਹੀ ਇੱਕ ਵੱਡੀ ਪਾਰਟੀ ਉੱਤੇ ਛਾਪਾ ਮਾਰਿਆ ਤੇ ਪ੍ਰੋਵਿੰਸ ਦੇ ਐਮਰਜੰਸੀ ਮੈਨੇਜਮੈਂਟ ਐਂਡ ਸਿਵਲ ਪ੍ਰੋਟੈਕਸ਼ਨ ਐਕਟ ਤਹਿਤ ਦੋ ਦਰਜਨ ਚਾਰਜਿਜ਼ ਲਾਏ।

ਐਤਵਾਰ ਸਵੇਰੇ 1:30 ਉੱਤੇ 52 ਡਵੀਜ਼ਨ ਦੀ ਕੋਵਿਡ-19 ਐਨਫੋਰਸਮੈਂਟ ਟੀਮ ਨੂੰ ਹੁਰੋਨ ਤੇ ਡੰਡਸ ਸਟਰੀਟ ਵੈਸਟ ਇਲਾਕੇ ਵਿੱਚ ਸਥਿਤ ਇੱਕ ਕਮਰਸ਼ੀਅਲ ਬਿਲਡਿੰਗ ਵਿੱਚ ਸੱਦਿਆ ਗਿਆ। ਗੁਆਂਢੀਆਂ ਵੱਲੋਂ ਇੱਥੇ ਉੱਚੀ ਉੱਚੀ ਮਿਊਜ਼ਿਕ ਚੱਲਣ ਦੀ ਸ਼ਿਕਾਇਤ ਕੀਤੀ ਗਈ ਸੀ।

ਮੌਕੇ ਉੱਤੇ ਪਹੁੰਚੀ ਪੁਲਿਸ ਨੇ ਪਾਇਆ ਕਿ ਇਮਾਰਤ ਵਿੱਚ 150 ਦੇ ਨੇੜੇ ਤੇੜੇ ਲੋਕ ਸਨ ਤੇ ਕਿਸੇ ਨੇ ਵੀ ਮਾਸਕ ਨਹੀਂ ਸੀ ਪਾਇਆ ਹੋਇਆ। ਕਈ ਤਾਂ ਉੱਥੋਂ ਚਲੇ ਗਏ ਪਰ ਪੁਲਿਸ 24 ਵਿਅਕਤੀਆਂ ਨੂੰ ਚਾਰਜ ਕਰਨ ਵਿੱਚ ਕਾਮਯਾਬ ਹੋ ਗਈ ਤੇ ਮੌਕੇ ਤੋਂ 13,000 ਡਾਲਰ ਦੀ ਸ਼ਰਾਬ ਵੀ ਬਰਾਮਦ ਹੋਈ।

# ਟੋਰਾਂਟੋ ਵਿੱਚ ਪ੍ਰਾਈਵੇਟ ਤੇ ਇੰਡੀਪੈਂਡੈਂਟ ਸਕੂਲਾਂ ਨੂੰ ਬੰਦ ਕਰਨ ਦੇ ਦਿੱਤੇ ਗਏ ਹੁਕਮ



ਟੋਰਾਂਟੋ, 10 ਮਈ (ਪੋਸਟ ਬਿਊਰੋ) : ਟੋਰਾਂਟੋ ਦੇ ਸਾਰੇ ਪ੍ਰਾਈਵੇਟ ਤੇ ਇੰਡੀਪੈਂਡੈਂਟ ਸਕੂਲਾਂ ਨੂੰ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।

ਟੋਰਾਂਟੋ ਪਬਲਿਕ ਹੈਲਥ ਵੱਲੋਂ ਸੋਮਵਾਰ ਨੂੰ ਸੈਕਸ਼ਨ 22 ਤਹਿਤ ਜਾਰੀ ਕੀਤੇ ਗਏ ਇਨ੍ਹਾਂ ਹੁਕਮਾਂ ਵਿੱਚ ਇਨ੍ਹਾਂ ਸਕੂਲਾਂ ਤੇ ਹੋਰ ਵਿੱਦਿਅਕ ਅਦਾਰਿਆਂ ਨੂੰ ਸਿਰਫ ਇਨ ਪਰਸਨ ਕਲਾਸਾਂ ਹੀ ਨਹੀਂ ਸਗੋਂ ਇਨ ਪਰਸਨ ਅਟੈਂਡੈਂਸ ਘਟਾਉਣ ਲਈ ਆਖਿਆ ਗਿਆ ਹੈ। ਇਹ ਕਦਮ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਚੁੱਕਿਆ ਗਿਆ ਹੈ।

ਬਾਥਰਸਟ ਸਟਰੀਟ ਤੇ ਲਾਅਰੈਂਸ ਐਵਨਿਊ ਨੇੜੇ ਪ੍ਰਾਈਵੇਟ ਸਕੂਲਾਂ ਵਿੱਚ ਦਾਖਲ ਹੋ ਰਹੇ ਤੇ ਉਨ੍ਹਾਂ ਨੂੰ ਛੱਡ ਰਹੇ ਬੱਚਿਆਂ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਇਹ ਨੋਟਿਸ ਜਾਰੀ ਕੀਤਾ ਗਿਆ। ਸਕੂਲਾਂ ਦਾ ਕਹਿਣਾ ਹੈ ਕਿ ਇਹ ਬੱਚੇ ਕਲਾਸਾਂ ਅਟੈਂਡ ਕਰਨ ਨਹੀਂ ਸੀ ਆ ਰਹੇ ਸਗੋਂ ਸਕੂਲ ਵਿੱਚ ਧਾਰਮਿਕ ਸੇਵਾਵਾਂ ਕਾਰਨ ਆ ਰਹੇ ਸਨ। ਪਰ ਫਿਰ ਵੀ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਦਿਆਰਥੀਆਂ ਦੀ ਹਾਜ਼ਰੀ ਵੱਧ ਤੋਂ ਵੱਧ ਘਟਾਉਣ ਦੀ ਹਦਾਇਤ ਦਿੱਤੀ ਗਈ ਹੈ।

# ਕਈ ਗੱਡੀਆਂ ਦੀ ਟੱਕਰ ਵਿੱਚ ਇੱਕ ਜ਼ਖ਼ਮੀ



ਟੋਰਾਂਟੋ, 10 ਮਈ (ਪੋਸਟ ਬਿਊਰੋ) : ਵੈਸਟਨ ਰੋਡ ਤੇ ਸਟੀਲਜ਼ ਐਵਨਿਊ ਵੈਸਟ ਉੱਤੇ ਸੋਮਵਾਰ ਸ਼ਾਮ ਨੂੰ ਕਈ ਗੱਡੀਆਂ ਦੀ ਹੋਈ ਟੱਕਰ ਤੋਂ ਬਾਅਦ ਇੱਕ ਵਿਅਕਤੀ ਆਪਣੀ ਕਾਰ ਵਿੱਚ ਫਸ ਗਿਆ। ਬਾਅਦ ਵਿੱਚ ਟੋਰਾਂਟੋ ਫਾਇਰ ਵੱਲੋਂ ਉਸ ਨੂੰ ਗੱਡੀ ਵਿੱਚੋਂ ਬਾਹਰ ਕੱਢਿਆ ਗਿਆ।

ਟਵੀਟ ਵਿੱਚ ਪੁਲਿਸ ਨੇ ਆਖਿਆ ਕਿ ਉਸ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਸ ਲਾਂਘੇ ਨੂੰ ਅਜੇ ਬੰਦ ਰੱਖਿਆ ਜਾ ਰਿਹਾ ਹੈ ਤੇ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਸ ਹਾਦਸੇ ਵਿੱਚ ਕੋਈ ਹੋਰ ਵੀ ਜ਼ਖ਼ਮੀ ਹੋਇਆ ਹੈ ਜਾਂ ਨਹੀਂ। ਘਟਨਾ ਵਾਲੀ ਥਾਂ ਦੀਆਂ ਮਿਲੀਆਂ ਵੀਡੀਓਜ਼ ਤੇ ਪਿਕਚਰਜ਼ ਤੋਂ ਪਤਾ ਲੱਗਦਾ ਹੈ ਕਿ ਇਸ ਦੌਰਾਨ ਘੱਟੋ ਘੱਟ ਛੇ ਗੱਡੀਆਂ ਨੂੰ ਨੁਕਸਾਨ ਪਹੁੰਚਿਆ।

# ਕਈ ਯੂਨੀਵਰਸਿਟੀਜ਼ ਨੂੰ ਨਹੀਂ ਚਾਹੀਦਾ ਵੈਕਸੀਨੇਸ਼ਨ ਦਾ ਸਬੂਤ

...ਪੰਨਾ 1 ਦਾ ਬਾਕੀ

ਹਾਲਾਂਕਿ ਅਜੇ ਤੱਕ ਕਈ ਸਕੂਲਾਂ ਵੱਲੋਂ ਇਸ ਵਿਸ਼ੇ ਦੇ ਸਬੰਧ ਵਿੱਚ ਕੋਈ ਫੈਸਲਾ ਨਹੀਂ ਕੀਤਾ ਗਿਆ ਹੈ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, ਯੂਨੀਵਰਸਿਟੀ ਆਫ ਅਲਬਰਟਾ ਤੇ ਮੈਕਗਿੱਲ ਯੂਨੀਵਰਸਿਟੀ ਵੱਲੋਂ ਇਹ ਫੈਸਲਾ ਉਸ ਸਮੇਂ ਆਇਆ ਜਦੋਂ ਦੁਨੀਆ ਭਰ ਦੀਆਂ ਸਰਕਾਰਾਂ ਇਹ ਫੈਸਲਾ ਨਹੀਂ ਕਰ ਪਾ ਰਹੀਆਂ ਕਿ ਤਥਾ ਕਥਿਤ ਵੈਕਸੀਨ ਪਾਸਪੋਰਟਸ ਨੂੰ ਕਿਸ ਤਰ੍ਹਾਂ ਹੈਂਡਲ ਕੀਤਾ ਜਾਵੇ।

ਇਸ ਦੌਰਾਨ ਮੈਕਗਿਲ ਐਸੋਸਿਏਸ਼ਨ ਆਫ ਯੂਨੀਵਰਸਿਟੀ ਟੀਚਰਜ਼ ਦੇ ਹੈੱਡ ਤੇ ਇੰਜੀਨੀਅਰਿੰਗ ਦੇ ਪ੍ਰੋਫੈਸਰ ਐਂਡਰਿਊ ਕਰਕ ਨੇ ਆਖਿਆ ਕਿ ਅਜੇ ਤੱਕ ਅਸੀਂ ਕੋਈ ਫੈਸਲਾ ਨਹੀਂ ਕੀਤਾ ਹੈ। ਕੁੱਝ ਪ੍ਰੋਫੈਸਰਜ਼ ਦਾ ਕਹਿਣਾ ਹੈ ਕਿ ਵਿਦਿਆਰਥੀਆਂ ਦੇ ਲੈਬੌਰਟਰੀਜ਼ ਤੇ ਲੈਕਚਰ ਹਾਲਜ਼ ਵਿੱਚ ਪਰਤਣ ਤੋਂ ਪਹਿਲਾਂ ਉਨ੍ਹਾਂ ਦਾ ਪੂਰੀ ਤਰ੍ਹਾਂ ਵੈਕਸੀਨੇਟ ਹੋਣਾ ਜ਼ਰੂਰੀ ਹੈ। ਹੋਰਨਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਉਨ੍ਹਾਂ ਦੀ ਖੁਦ ਦੀ ਵੈਕਸੀਨੇਸ਼ਨ ਪੂਰੀ ਤਰ੍ਹਾਂ ਹੋਈ ਪਈ ਹੈ ਤੇ ਦੂਜਿਆਂ ਵੱਲੋਂ ਪੂਰੀ ਅਹਿਤਿਆਤ ਵਰਤੀ ਜਾਂਦੀ ਹੈ ਉਦੋਂ ਤੱਕ ਇਸ ਦੀ ਕੋਈ ਲੋੜ ਨਹੀਂ ਹੈ। ਭਾਵੇਂ ਫੈਕਲਟੀ ਐਸੋਸਿਏਸ਼ਨ ਦੀ ਅਜੇ ਇਸ ਮੁੱਦੇ ਉੱਤੇ ਕੋਈ ਰਾਇ ਨਹੀਂ ਹੈ ਪਰ ਮੈਕਗਿਲ ਯੂਨੀਵਰਸਿਟੀ ਦੀ ਤਰਜ਼ਮਾਨ ਨੇ ਆਖਿਆ ਕਿ ਯੂਨੀਵਰਸਿਟੀ ਕਈ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਚੱਲ ਰਹੀ ਹੈ ਪਰ ਉਨ੍ਹਾਂ ਕਿਆਸ ਲਗਾਇਆ ਕਿ ਕੋਵਿਡ-19 ਲਈ ਹਾਈ ਰਿਸਕ ਹਰ ਸ਼ਖਸ ਦਾ ਟੀਕਾਕਰਣ ਸਾਲ ਦੇ ਅੰਤ ਤੱਕ ਹੋ ਚੁੱਕਿਆ ਹੋਵੇਗਾ।

ਇਸ ਦੌਰਾਨ ਫੈਡਰਲ ਸਰਕਾਰ ਹੋਰਨਾਂ ਜੀ-20 ਦੇਸ਼ਾਂ ਨਾਲ ਰਲ ਕੇ ਇੰਟਰਨੈਸ਼ਨਲ ਟਰੈਵਲ ਲਈ ਸਾਂਝੇ ਵੈਕਸੀਨ ਪਾਸਪੋਰਟ ਦੀ ਰੂਪ ਰੇਖਾ ਤਿਆਰ ਕਰਨ ਉੱਤੇ ਲੱਗੀ ਹੋਈ ਹੈ।

# ਮੋਟਰਸਾਈਕਲ ਹਾਦਸੇ ਵਿੱਚ 7 ਬੱਚਿਆਂ ਦੀ ਮਾਂ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

ਮਾਊਂਟੀਜ਼ ਅਨੁਸਾਰ ਜੈਡਟ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਹੈ। ਟਰੱਕ ਦੇ ਡਰਾਈਵਰ ਤੇ ਦੂਜੇ ਮੋਟਰਸਾਈਕਲ ਦੇ ਡਰਾਈਵਰ ਨੂੰ ਕੋਈ ਸੱਟ ਫੇਟ ਨਹੀਂ ਲੱਗੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਜੈਡਟ ਰੈੱਡ ਅਰਥ ਕ੍ਰੀਕ ਵਿੱਚ ਹੀ ਵੱਡੀ ਹੋਈ ਤੇ ਉਸ ਦਾ ਆਪਣਾ ਗੈਸ ਸਟੇਸ਼ਨ ਸੀ ਤੇ ਉਹ ਵਾਲੰਟੀਅਰ ਫਾਇਰਫਾਈਟਰ ਸੀ। ਉਸ ਦੇ ਬੱਚਿਆਂ ਦੀ ਉਮਰ ਤਿੰਨ ਸਾਲ ਤੋਂ ਲੈ ਕੇ 19 ਸਾਲ ਤੱਕ ਹੈ। ਆਰਸੀਐਮਪੀ ਦਾ ਕਹਿਣਾ ਹੈ ਕਿ ਅਜੇ ਤੱਕ ਹਾਦਸੇ ਦੇ ਕਾਰਨਾਂ ਦੀ ਜਾਂਚ ਚੱਲ ਰਹੀ ਹੈ।

# ਦਿਲ ਦਹਿਲਾ ਦੇਣ ਵਾਲੇ ਸਨ ਟੋਰਾਂਟੋ ਦੇ ਦੋ ਲਾਂਗ ਟਰਮ ਕੇਅਰ ਹੋਮਜ਼ ਦੇ ਹਾਲਾਤ : ਰਿਪੋਰਟ

...ਪੰਨਾ 1 ਦਾ ਬਾਕੀ

ਕਮਿਸ਼ਨ ਦੀ ਫਾਈਨਲ ਰਿਪੋਰਟ ਅਨੁਸਾਰ ਓਨਟਾਰੀਓ ਸਰਕਾਰ ਵੱਲੋਂ ਫੌਜਾਂ ਦੀ ਸ਼ਮੂਲੀਅਤ ਅਪਰੈਲ ਦੇ ਮੱਧ ਵਿੱਚ ਕਰਨ ਦਾ ਫੈਸਲਾ ਕੀਤਾ ਗਿਆ ਪਰ ਫੌਜ 28 ਅਪਰੈਲ ਤੱਕ ਆਪਣੀ ਸ਼ਿਫਟ ਸ਼ੁਰੂ ਨਹੀਂ ਕਰ ਸਕੀ। ਕੀਲ ਸਟਰੀਟ ਤੇ ਸ਼ੈਪਰਡ ਐਵਨਿਊ ਨੇੜੇ ਸਥਿਤ ਡਾਊਨਜ਼ਵਿਊ ਲਾਂਗ ਟਰਮ ਕੇਅਰ ਹੋਮ ਤੋਂ ਆਗਮੈਂਟਿਡ ਸਿਵਿਲੀਅਨ ਕੇਅਰ ਟੀਮ (ਏ ਸੀ ਸੀ ਟੀ) ਦੇ ਇੱਕ ਮੈਂਬਰ ਨੇ ਰਿਪੋਰਟ ਕੀਤਾ ਕਿ 26 ਰੈਜ਼ੀਡੈਂਟਸ ਫੌਜ ਦੇ ਪਹੁੰਚਣ ਤੋਂ ਪਹਿਲਾਂ ਹੀ ਡਿਹਾਈਡ੍ਰੇਸ਼ਨ ਕਾਰਨ ਮਾਰੇ ਗਏ। ਇਹ ਸੱਭ ਸਟਾਫ ਦੀ ਘਾਟ ਕਾਰਨ ਹੋਇਆ। ਉਹ ਪਾਣੀ ਦੀ ਘਾਟ ਤੇ ਸਾਫ ਸਫਾਈ ਨਾ ਕੀਤੇ ਜਾਣ ਕਾਰਨ ਮਾਰੇ ਗਏ।

ਪ੍ਰੋਵਿੰਸ਼ੀਅਲ ਡਾਟਾ ਅਨੁਸਾਰ ਇਸੇ ਲਾਂਗ ਟਰਮ ਕੇਅਰ ਹੋਮ ਵਿੱਚ 65 ਰੈਜ਼ੀਡੈਂਟਸ ਕੋਵਿਡ-19 ਕਾਰਨ ਮਾਰੇ ਗਏ। ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਕਿ ਹੋਮ ਵਿੱਚ ਕੌਕਰੋਚ ਪਨਪ ਰਹੇ ਸਨ। ਜੇਨ ਸਟਰੀਟ ਤੇ ਫਿੰਚ ਐਵਨਿਊ ਨੇੜੇ ਸਥਿਤ ਹੌਥਰੋਨ ਪਲੇਸ ਕੇਅਰ ਸੈਂਟਰ ਵਿੱਚ 51 ਮੌਤਾਂ ਹੋਣ ਦਾ ਵੇਰਵਾ ਹੈ। ਫੌਜ ਦਾ ਕਹਿਣਾ ਹੈ ਕਿ ਇਸ ਹੋਮ ਵਿੱਚ ਵੀ ਕੋਵਿਡ-19 ਨਾਲੋਂ ਜਨਰਲ ਮੌਤਾਂ ਵਧੇਰੇ ਹੋਈਆਂ। ਫੌਜ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਮਹਾਂਮਾਰੀ ਤੋਂ ਪਹਿਲਾਂ ਤੋਂ ਹੀ ਇੱਥੇ ਸਹੀ ਸਟੈਂਡਰਡ ਪੂਰੇ ਨਹੀਂ ਸਨ ਤੇ ਇਸ ਹੋਮ ਦੀ ਹਾਲਤ ਕਾਫੀ ਖਸਤਾ ਸੀ।

ਜਦੋਂ ਫੌਜ ਇੱਥੇ ਪਹੁੰਚੀ ਤਾਂ ਉਨ੍ਹਾਂ ਨੂੰ ਫਰਸ਼ ਉੱਤੇ ਮਲ ਤੇ ਕੰਧਾਂ ਉਲਟੀਆਂ ਨਾਲ ਭਰੀਆਂ ਮਿਲੀਆਂ। ਹਾਲਾਤ ਇੱਥੋਂ ਤੱਕ ਨਿੱਘਰੇ ਹੋਏ ਸਨ ਕਿ ਦੋ ਰੈਜ਼ੀਡੈਂਟਸ; ਦੀਆਂ ਉਂਗਲਾਂ ਦੇ ਨੰਹੁ ਵਿੱਚ ਸੁੱਕਿਆ ਹੋਇਆ ਮਲ ਫਸਿਆ ਮਿਲਿਆ। ਏ ਸੀ ਸੀ ਟੀ ਟੀਮ ਦੇ ਮੈਂਬਰਾਂ ਵੱਲੋਂ ਇਸ ਹੋਮ ਨੂੰ ਸ਼ਿਟ ਪਿੱਟ ਦਾ ਦਰਜਾ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਫੰਗਸ, ਸਲਾਭ ਤੇ ਕੌਕਰੋਚ ਵੀ ਮਿਲੇ। ਇੱਥੇ ਵੀ ਲੋਕਾਂ ਦੀ ਮੌਤ ਡੀਹਾਈਡ੍ਰੇਸ਼ਨ ਤੇ ਕੁਪੋਸ਼ਣ ਕਾਰਨ ਹੋਈ।

ਹੌਥਰੋਨ ਪਲੇਸ ਕੇਅਰ ਸੈਂਟਰ ਵਿੱਚ ਇਸ ਤਰ੍ਹਾਂ ਦੇ ਹਾਲਾਤ ਦਾ ਇਹ ਪਹਿਲਾ ਮਾਮਲਾ ਨਹੀਂ ਹੈ। 26 ਮਈ, 2020 ਨੂੰ ਵੀ ਫੌਜ ਵੱਲੋਂ ਇਹ ਰਿਪੋਰਟ ਜਾਰੀ ਕੀਤੀ ਗਈ ਸੀ ਕਿ ਜਿਨ੍ਹਾਂ ਪੰਜ ਲਾਂਗ ਟਰਮ ਕੇਅਰ ਹੋਮਜ਼ ਵਿੱਚ ਉਹ ਗਏ ਸਨ ਉੱਥੋਂ ਦੇ ਹਾਲਾਤ ਬਹੁਤ ਮਾੜੇ ਸਨ। ਇਸ ਵਿੱਚ ਆਖਿਆ ਗਿਆ ਕਿ ਉੱਥੇ ਸਟਾਫ ਦੀ ਘਾਟ ਸੀ, ਪੀਪੀਈ ਕਿੱਟਸ ਨਹੀਂ ਸਨ, ਬੱਗ ਇਨਫੈਸਟੇਸ਼ਨ, ਪੁਰਾਣੀਆਂ ਫੂਡ ਟਰੇਅਜ਼ ਰੈਜ਼ੀਡੈਂਟਸ ਦੇ ਕਮਰਿਆਂ ਵਿੱਚ ਹੀ ਪਈਆਂ ਸਨ ਤੇ ਪੇਸ਼ੈਂਟਸ ਮਦਦ ਲਈ ਰੋ ਰਹੇ ਸਨ ਪਰ ਉਨ੍ਹਾਂ ਨੂੰ ਸੁਣਨ ਵਾਲਾ ਕੋਈ ਨਹੀਂ ਸੀ। ਇਸ ਤੋਂ ਇਲਾਵਾ ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਸੀ ਕਿ ਖਾਸ ਤੌਰ ਉੱਤੇ ਇਸ ਹੋਮ ਵਿੱਚ ਮਿਲਟਰੀ ਮੈਂਬਰਜ਼ ਨੇ ਵੇਖਿਆ ਕਿ ਰੈਜ਼ੀਡੈਂਟਸ ਨੂੰ ਜ਼ਬਰਸਤੀ ਠੂਸ ਠੂਸ ਕੇ ਖਾਣਾ ਖਵਾਇਆ ਜਾ ਰਿਹਾ ਹੈ ਜਿਸ ਕਾਰਨ ਖਾਣਾ ਬਹੁਤ ਵਾਰੀ ਉਨ੍ਹਾਂ ਦੇ ਗਲ ਵਿੱਚ ਅਟਕ ਗਿਆ ਤੇ ਉਨ੍ਹਾਂ ਨੂੰ ਉੱਥੂ ਵੀ ਆਇਆ।

ਇਸ ਸਬੰਧ ਵਿੱਚ ਸੋਮਵਾਰ ਸਵੇਰੇ ਪ੍ਰਸ਼ਨ ਕਾਲ ਦੌਰਾਨ ਸਰਕਾਰ ਦੇ ਹਾਊਸ ਲੀਡਰ ਪਾਲ ਕੈਲੈਂਡਰਾ ਨੇ ਆਖਿਆ ਕਿ ਲਾਂਗ ਟਰਮ ਕੇਅਰ ਹੋਮਜ਼ ਵਿੱਚ ਹੋਈਆਂ ਮੌਤਾਂ ਦੀ ਜਾਂਚ ਓਨਟਾਰੀਓ ਦੇ ਚੀਫ ਕੌਰੋਨਰ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਸ ਰਿਪੋਰਟ ਦੇ ਮੁਲਾਂਕਣ ਤੋਂ ਬਾਅਦ ਮਿਲਣ ਵਾਲੀਆਂ ਸਿਫਾਰਿਸ਼ਾਂ ਉੱਤੇ ਅਮਲ ਕੀਤਾ ਜਾਵੇਗਾ। ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਲਾਂਗ ਟਰਮ ਕੇਅਰ ਵਿੱਚ 3931 ਰੈਜ਼ੀਡੈਂਟਸ ਦੀ ਮੌਤ ਹੋ ਚੁੱਕੀ ਹੈ।









## ਅੱਜ ਨਾਮਾ

ਕਿਧਰੇ ਕੀਤੀ ਕੋਈ ਬੈਠਕ ਅਕਾਲੀਆਂ ਨੇ,
ਜਾਂਦਾ ਕਾਂਗਰਸ ਦਾ ਟੱਬਰ ਹੈ ਲੜੀ ਬੇਲੀ।
ਆਉਂਦਾ ਵਾਪਸ ਨਾ ਲੱਗਦਾ ਨਵਜੋਤ ਸਿੱਧੂ,
ਜੱਖਣਾ ਪੁੱਟੀ ਵੀ ਜਾਂਦਾ ਪਿਆ ਬੜੀ ਬੇਲੀ।
ਕਰਿਆ ਚੁੱਪ ਪ੍ਰਤਾਪ ਸਿੰਘ ਬਾਜਵਾ ਨਹੀਂ,
ਹਮਲਾ ਕਰਨ ਦੀ ਭਾਲੇ ਉਹ ਘੜੀ ਬੇਲੀ।
ਕੁਝ ਹਨ ਮੀਸਣੇ ਮੂੰਹੋਂ ਉਹ ਬੋਲਦੇ ਨਹੀਂ,
ਬਹੁਕਰ ਉਨ੍ਹਾਂ ਵੀ ਕੀਤੀ ਆ ਖੜੀ ਬੇਲੀ।
ਲੱਗਾ ਮੌਕਾ ਕੁਝ ਠੀਕ ਤੇ ਸਾਂਭ ਲਈਏ,
ਜਿੱਤੀਏ ਫੇਰ ਇਹ ਰਾਜ ਪੰਜਾਬ ਬੇਲੀ।
ਬੋਲਿਆ ਕੋਈ, ਕਿ ਪੁੱਛੇਗਾ ਜਦੋਂ ਕੋਈ,
ਦੇਣਾ ਬਰਗਾੜੀ ਦਾ ਪਊ ਜਵਾਬ ਬੇਲੀ।

**ਤੀਸ ਮਾਰ ਖਾਂ**

# ਕੈਪਟਨ ਅਮਰਿੰਦਰ ਦੇ ਖਿਲਾਫ਼ ਮੰਤਰੀਆਂ ਤੇ ਪਾਰਲੀਮੈਂਟ ਮੈਂਬਰਾਂ ਦੀ ਗੁਪਤ ਮੀਟਿੰਗ

ਚੰਡੀਗੜ੍ਹ, 10 ਮਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਅੰਦਰ ਲਗਾਤਾਰ ਵਿਗੜ ਰਹੇ ਹਾਲਾਤ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ਼ ਇਸ ਪਾਰਟੀ ਦੇ ਆਗੂਆਂ ਨੇ ਮੋਰਚਾ ਖੋਲ੍ਹ ਦਿੱਤਾਲੱਗਦਾ ਹੈ।ਮੁੱਖ ਮੰਤਰੀ ਦੇ ਖਿਲਾਫ਼ ਅੱਜ ਉਨ੍ਹਾਂ ਦੇ ਮੰਤਰੀਅਤੇ ਇਸ ਪਾਰਟੀ ਦੇ ਪਾਰਲੀਮੈਂਟ ਮੈਂਬਰ ਫਿਰ ਇੱਕਜੁਟ ਹੋਏ ਅਤੇ ਚੰਡੀਗੜ੍ਹ ਵਿੱਚ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਸਰਕਾਰੀ ਘਰ ਮੀਟਿੰਗਕੀਤੀ, ਜਿੱਥੇ ਦੋ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਚਰਨਜੀਤ ਸਿੰਘ ਚੰਨੀ ਅਤੇ ਪਾਰਲੀਮੈਂਟਦੇ ਰਾਜ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਅਤੇ ਕੁਝ ਹੋਰ ਲੋਕਵੀ ਸ਼ਾਮਲ ਹੋਏ ਦੱਸੇ ਜਾ ਰਹੇ ਹਨ।

ਜਾਣਕਾਰ ਸੂਤਰਾਂ ਮੁਤਾਬਕ ਅੱਜ ਦੀ ਇਸ ਮੀਟਿੰਗ ਵਿੱਚ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਧੜੇਬੰਦੀ ਨੂੰ ਹੋਰ ਮਜ਼ਬੂਤ ਕਰਨ ਦੀ ਚਰਚਾ ਦੇ ਨਾਲ ਸਾਲ 2022 ਦੀਆਂ ਚੋਣਾਂ ਵਿੱਚਪਾਰਟੀ ਵੱਲੋਂ ਅਗਵਾਈ ਅਤੇ ਮੁੱਖ ਮੰਤਰੀ ਦੇ ਲਈ ਕਿਸੇ ਹੋਰ ਚਿਹਰੇ ਬਾਰੇ ਵੀ



ਚਰਚਾ ਹੁੰਦੀ ਰਹੀ। ਪਿਛਲੇਕੁਝ ਦਿਨਾਂ ਤੋਂ ਪੰਜਾਬ ਵਿੱਚ ਇੱਕ ਤੋਂ ਬਾਅਦ ਇੱਕ ਮੰਤਰੀ ਤੇ ਵਿਧਾਇਕ ਆਪਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਿਹਾਰ ਤੋਂ ਨਰਾਜ਼ਗੀ ਕਾਰਨ ਕਿਸੇ ਸੀਨੀਅਰ ਲੀਡਰ ਦੀ ਨਵੀਂ ਅਗਵਾਈ ਲੱਭਣਲਈ ਵਿਚਾਰਾਂ ਕਰਨ ਲੱਗੇ ਹਨ ਅਤੇ ਅੱਜ ਦੀ ਮੀਟਿੰਗ ਇਸੇ ਪ੍ਰਕਿਰਿਆ ਦਾ ਹਿੱਸਾ ਸੀ।

ਅੱਜ ਐਤਵਾਰ ਦੀ ਇਸ ਮੀਟਿੰਗ ਮਗਰੋਂ ਕੈਪਟਨ ਅਮਰਿੰਦਰ ਸਿੰਘ ਦੇ ਖਾਸਮ-ਖਾਸ ਆਦਮੀਸਮਝੇ ਜਾਂਦੇ ਉਨ੍ਹਾਂ ਦੇ ਮੰਤਰੀ ਦਰਜੇ ਵਾਲੇ ਸਲਾਹਕਾਰ ਭਰਤ ਇੰਦਰ ਸਿੰਘ ਚਹਿਲ ਕੈਬਨਿਟ ਮੰਤਰੀ ਸੁਖਜਿੰਦਰ ਰੰਧਾਵਾ ਦੇ ਘਰ ਗਏ ਅਤੇ ਕਾਫ਼ੀ ਦੇਰ ਤੱਕ ਓਥੇ ਰਹੇ।ਜਾਣਕਾਰ ਸੂਤਰਾਂ ਮੁਤਾਬਕ ਉਨ੍ਹਾਂ ਦੀ ਇਹ ਮੁਲਾਕਾਤ ਸੁਖਜਿੰਦਰ ਸਿੰਘ ਰੰਧਾਵਾ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਸੀ। ਸ਼ਾਮ ਹੋਣ ਤੱਕ ਸੁਖਜਿੰਦਰ ਸਿੰਘ ਰੰਧਾਵਾ ਦੇ ਘਰ ਕੁਝ ਹੋਰ ਵੱਡੇ ਲੀਡਰਾਂ ਦੀਆਂ ਗੱਡੀਆਂ ਵੀ ਆ ਪਹੁੰਚੀਆਂ, ਜਿਨ੍ਹਾਂ ਵਿੱਚਵਿਧਾਇਕ ਰਾਜ ਕੁਮਾਰ ਵੇਰਕਾ ਤੇ ਵਿਧਾਇਕ ਕਾਕਾ ਰਣਦੀਪ ਸਿੰਘ ਸ਼ਾਮਲ ਸਨ। ਇਸ ਦੌਰਾਨ ਇਹ ਕਿਹਾ ਜਾ ਰਿਹਾ ਹੈ ਕਿ ਇਹ ਸਭ ਪੰਜਾਬ ਦੀ ਕਾਂਗਰਸ ਪਾਰਟੀ ਤੇ ਸਰਕਾਰ ਵਿੱਚ ਆਏ ਇੱਕ ਨਵੇਂ ਭੁਚਾਲ ਨੂੰ ਸ਼ਾਂਤ ਕਰਨ ਦੀਆਂ ਕੋਸ਼ਿਸ਼ਾਂ ਹਨ, ਜਿਨ੍ਹਾਂ ਦਾ ਕੋਈ ਸਿੱਟਾ ਅਜੇ ਤੱਕ ਨਹੀਂ ਨਿਕਲ ਰਿਹਾ।

# ਅੱਠ ਸਾਲਾ ਬੱਚੀ ਨੂੰ ਅਗਵਾ ਕਰਨ ਲੱਗਾ ਦੋਸ਼ੀ ਕਾਬੂ

ਫਿਰੋਜ਼ਪੁਰ, 10 ਮਈ (ਪੋਸਟ ਬਿਊਰੋ)- ਸਥਾਨਕ ਗੋਬਿੰਦ ਨਗਰੀ ਦੀ ਗਲੀ ਵਿੱਚ ਸਾਈਕਲ ਚਲਾ ਰਹੀ ਅੱਠ ਸਾਲਾ ਬੱਚੀ ਨੂੰ ਸਕੂਟਰ ਸਵਾਰ ਨੇ ਅਗਵਾ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ। ਬੱਚੀ ਦੇ ਰੌਲਾ ਪਾਉਣ ਅਤੇ ਆਪਣਾਸਾਈਕਲ ਛੱਡ ਕੇ ਘਰ ਵੱਲ ਭੱਜ ਜਾਣ ਉੱਤੇ ਸਕੂਟਰ ਸਵਾਰ ਖਿਸਕ ਗਿਆ।

ਇਸ ਦੇ ਬਾਅਦ ਡਰੀ ਸਹਿਮੀ ਬੱਚੀ ਨੇ ਘਰ ਜਾ ਕੇ ਮਾਪਿਆਂ ਨੂੰ ਦੱਸਿਆ ਤਾਂ ਆਂਢ-ਗੁਆਂਢ ਦੇ ਲੋਕਾਂ ਅਤੇ ਬੱਚੀ ਦੇ ਮਾਪਿਆਂ ਨੇ ਥਾਣਾ ਸਦਰ ਵਿੱਚ ਪਹੁੰਚ ਕੀਤੀ ਤਾਂ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇੱਕ ਜਣੇ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਾਕੇਸ਼ ਵਾਸੀ ਗੋਬਿੰਦ ਨਗਰੀ ਨੇ ਦੱਸਿਆ ਕਿ ਉਸ ਦੀ ਅੱਠ ਸਾਲਾ ਧੀ ਘਰ ਦੇ ਨੇੜੇ ਸਾਈਕਲ ਚਲਾ ਰਹੀ ਸੀ ਤਾਂ ਇੱਕ ਮੋਨਾ ਨੌਜਵਾਨ ਜੋ ਐਕਟਿਵਾ ਉੱਤੇ ਗਲੀ ਵਿੱਚ ਗੇੜੇ ਮਾਰ ਰਿਹਾ ਸੀ, ਨੇ ਐਕਟਿਵਾ ਰੋਕ ਕੇ ਬੱਚੀ ਨੂੰ ਚੁੱਕ ਕੇ ਲਿਜਾਣ ਦੀ ਕੋਸ਼ਿਸ਼ ਕੀਤੀ। ਬੱਚੀ ਨੇ ਰੌਲਾ ਪਾਇਆ ਤਾਂ ਦੋਸ਼ੀ ਐਕਟਿਵਾ ਭਜਾ ਕੇ ਲੈ ਗਿਆ। ਹੌਲਦਾਰ ਰਮੇਸ਼ ਨੇ ਦੱਸਿਆ ਕਿ ਦੋਸ਼ੀ ਕਾਬੂ ਕਰ ਲਿਆ ਹੈ। ਉਸ ਦੀ ਪਛਾਣ ਸੰਦੀਪ ਧਵਨ ਪੁੱਤਰ ਮਦਨ ਵਾਸੀ ਮਕਾਨ ਨੰਬਰ ਤੀਹ ਗਲੀ ਨੰਬਰ ਤਿੰਨ ਫਿਰੋਜ਼ਪੁਰ ਕੈਂਟ ਵਜੋਂ ਹੋਈ ਹੈ। ਪੁਲਸ ਨੇ ਸੰਦੀਪ ਧਵਾਨ ਦੀ ਨਿਸ਼ਾਨਦੇਹੀ ਉੱਤੇ ਸਕੂਟਰੀ ਬਰਾਮਦ ਕਰ ਲਈ ਹੈ।

# ਭਾਜਪਾ ਨੇ ਮਮਤਾ ਬੈਨਰਜੀ ਨੂੰ ਚਿੜਾਉਣ ਲਈ ਸੁਵੇਂਦੂ ਅਧਿਕਾਰੀ ਨੂੰ ਵਿਰੋਧੀ ਧਿਰ ਦਾ ਨੇਤਾ ਬਣਾਇਆ

* ਬੰਗਾਲ ਦੇ 61 ਭਾਜਪਾ ਵਿਧਾਇਕਾਂ ਨੂੰ ਵੱਡੀ ਸੁਰੱਖਿਆ ਦਿੱਤੀ ਗਈ

ਕੋਲਕਾਤਾ, 10 ਮਈ, (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂਦੇ ਦੌਰਾਨ ਦੂਸਰੀ ਸਭ ਤੋਂ ਵੱਡੀ ਸਿਆਸੀ ਪਾਰਟੀਬਣ ਕੇ ਉੱਭਰੀ ਭਾਰਤੀ ਜਨਤਾ ਪਾਰਟੀ ਨੇ ਅੱਜ ਸੋਮਵਾਰ ਨੂੰ ਸੁਵੇਂਦੂ ਅਧਿਕਾਰੀ ਨੂੰ ਓਥੋਂ ਦੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ ਚੁਣ ਲਿਆ ਅਤੇ ਇੰਜ ਮਮਤਾ ਬੈਨਰਜੀ ਨੂੰ ਚਿੜਾਉਣ ਦਾ ਯਤਨ ਕੀਤਾ ਹੈ।

ਭਾਰਤ ਦੇ ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਅੱਜ ਪਾਰਟੀ ਵਿਧਾਇਕਾਂ ਨਾਲ ਬੈਠਕ ਕਰਨ ਤੋਂ ਬਾਅਦ ਸੁਵੇਂਦੂ ਅਧਿਕਾਰੀ ਨੂੰ ਭਾਜਪਾ ਵਿਧਾਇਕ ਦਲ ਵੱਲੋਂ ਨੇਤਾ ਚੁਣੇ ਜਾਣ ਦਾ ਐਲਾਨ ਕੀਤਾ।ਵਰਨਣ ਯੋਗ ਹੈ ਕਿ ਸੁਵੇਂਦੂ ਅਧਿਕਾਰੀ ਨੇ ਇਕ ਸਖ਼ਤ ਮੁਕਾਬਲੇ ਵਿੱਚਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਨੰਦੀਗ੍ਰਾਮ ਵਿਧਾਨ ਸਭਾ ਹਲਕੇ ਤੋਂ 1900 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਮਮਤਾ ਸਰਕਾਰ ਵਿੱਚ ਮੰਤਰੀ ਤੇ ਮਮਤਾ ਦਾ ਖਾਸ ਚੇਲਾ ਬਣ ਕੇ ਲੰਮਾ ਸਮਾਂ ਉਸ ਦੇ ਨਾਲ ਰਹਿ ਚੁੱਕੇ ਸੁਵੇਂਦੂ ਅਧਿਕਾਰੀ ਚੋਣਾਂ ਤੋਂ ਕੁਝ ਹੀ ਦਿਨ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਸਨ। ਨੰਦੀਗ੍ਰਾਮ



ਹਲਕੇ ਵਿੱਚਤਿੱਖੀ ਟੱਕਰ ਤੋਂ ਬਾਅਦ ਵਿਧਾਨ ਸਭਾ ਵਿੱਚ ਮਮਤਾ ਬੈਨਰਜੀਤੇ ਸੁਵੇਂਦੂ ਅਧਿਕਾਰੀ ਫਿਰਇੱਕ ਦੂਸਰੇ ਦੇ ਸਾਹਮਣੇ ਹੋਣਗੇ।ਕੁੱਲ 294 ਮੈਂਬਰੀ ਵਿਧਾਨ ਸਭਾ ਵਿੱਚ ਤ੍ਰਿਣਮੂਲ ਕਾਂਗਰਸ ਨੇ 213 ਸੀਟਾਂਜਿੱਤੀਆਂ ਅਤੇ ਉਹ ਇਸ ਰਾਜ ਵਿੱਚ ਲਗਾਤਾਰ ਤੀਸਰੀ ਵਾਰ ਸੱਤਾ ਵਿੱਚ ਆਈ ਹੈ। ਭਾਜਪਾ ਨੇ 77 ਸੀਟਾਂਜਿੱਤ ਕੇ ਪਹਿਲੀ ਵਾਰ ਇਸ ਰਾਜ ਦੀ ਮੁੱਖ ਵਿਰੋਧੀ ਧਿਰ ਦੀਜਗ੍ਹਾ ਬਣਾਈ ਅਤੇ ਕਾਂਗਰਸ ਪਾਰਟੀ ਤੇ ਖੱਬੇ ਪੱਖੀਆਂ ਦਾ ਇੱਕ ਵੀ ਉਮੀਦਵਾਰ ਜਿੱਤ ਨਹੀਂ ਸੀ ਸਕਿਆ। ਇਸ ਨਾਲ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਦੀ ਸਿੱਧੀ ਖਹਿਬਾਜ਼ੀ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ।

ਇਸ ਦੌਰਾਨ ਪੱਛਮੀ ਬੰਗਾਲ ਵਿੱਚਵਿਧਾਨ ਸਭਾ ਚੋਣਾਂ ਮਗਰੋਂਹਿੰਸਾ ਦੀਆਂ ਘਟਨਾਵਾਂ ਦੇ ਬਹਾਨੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਰਾਜ ਦੇ 61 ਭਾਜਪਾ ਵਿਧਾਇਕਾਂ ਨੂੰ ਐਕਸ ਕੈਟੇਗਰੀ ਦੀ ਸੁਰੱਖਿਆ ਦੇਣ ਦਾ ਫੈਸਲਾ ਕੀਤਾ ਹੈ।ਇਨ੍ਹਾਂ 61 ਵਿਧਾਇਕਾਂ ਨੂੰ ਕੇਂਦਰੀ ਉਦਯੋਗਿਕ ਸਕਿਓਰਟੀ ਫੋਰਸ (ਸੀ ਆਈ ਐੱਸ ਐੱਫ) ਦੀ ਸੁਰੱਖਿਆ ਦੇਣ ਵਾਲਾ ਫੈਸਲਾ ਇੱਕ ਵੱਡੀ ਵਿਚਾਰਦੇ ਬਾਅਦਕੀਤਾ ਗਿਆ ਹੈ। ਇਸ ਤੋਂ ਪਹਿਲਾਂ ਭਾਜਪਾ ਨਾਲ ਸੰਬੰਧਤ 70 ਹੋਰ ਲੋਕਾਂ ਨੂੰ ਸੁਰੱਖਿਆ ਦਿੱਤੀ ਗਈ ਸੀ, ਜਿਹੜੀ ਸਿਰਫ 15 ਮਈ ਤੱਕ ਸੀ ਅਤੇਭਾਜਪਾ ਦੇ ਇਨ੍ਹਾਂ 70 ਨੇਤਾਵਾਂ ਦੀ ਸੁਰੱਖਿਆ ਵਿੱਚ ਵੀ ਨਵੇਂ ਫੈਸਲੇ ਮੁਤਾਬਕ ਸੀ ਆਈ ਐੱਸ ਐੱਫ ਨੂੰ ਤਾਇਨਾਤ ਕੀਤਾ ਗਿਆ ਹੈ।

# ਭਾਜਪਾ ਆਗੂ ਹੇਮੰਤ ਬਿਸਵਾ ਸ਼ਰਮਾ ਨੇ ਅਸਾਮ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

* ਐੱਨਆਰਸੀ ਦੀ ਨਵੇਂ ਸਿਰਿਓਂ ਜਾਂਚ ਕਰਾਉਣ ਦਾ ਐਲਾਨ

ਗੁਹਾਟੀ, 10 ਮਈ, (ਪੋਸਟ ਬਿਊਰੋ)- ਭਾਰਤ ਦੇ ਉੱਤਰ-ਪੂਰਬ ਵਿੱਚ ਸਭ ਤੋਂ ਵੱਡੇ ਰਾਜ ਆਸਾਮ ਵਿੱਚ ਕੌਮੀ ਜਮਹੂਰੀ ਗੱਠਜੋੜ (ਐੱਨਡੀ ਏ) ਦੀ ਜਿੱਤ ਦੇ ਬਾਅਦ ਅੱਜ ਇਸ ਗੱਠਜੋੜ ਦੇ ਕਨਵੀਨਰ ਤੇ ਭਾਜਪਾ ਨੇਤਾਹੇਮੰਤ ਬਿਸਵਾ ਸਰਮਾ ਨੂੰ ਰਾਜ ਦੇ ਗਵਰਨਰ ਜਗਦੀਸ਼ ਚੰਦਰ ਮੁਖੀ ਨੇ ਅਸਾਮ ਦੇ 15ਵੇਂ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ।ਇਸ ਰਾਜ ਦੇ ਲੋਕਾਂ ਦੇ ਰਿਵਾਇਤੀ ਲਿਬਾਸ ਵਿੱਚਆਏ ਸਰਮਾ ਨੇ ਅਸਾਮੀ ਬੋਲੀ ਵਿੱਚ ਸਹੁੰ ਚੁੱਕੀ।ਇਸ ਦੇ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਭੇਜੀ ਵਧਾਈ ਵਿੱਚ ਭਰੋਸਾ ਪ੍ਰਗਟਾਇਆ ਕਿ ਉਨ੍ਹਾਂ ਦੀ ਸਰਕਾਰ ਰਾਜ ਦੇ ਵਿਕਾਸ ਨੂੰ ਰਫ਼ਤਾਰ ਦੇਵੇਗੀ ਤੇ ਲੋਕਾਂ ਦੀਆਂ ਆਸਾਂ ਪੂਰੀਆਂ ਕਰਨ ਲਈ ਸਾਰੇ ਲੋਕਾਂ ਦੀ ਅਗਵਾਈ ਕਰੇਗੀ।

ਸਹੁੰ ਚੁੱਕਣ ਤੋਂ ਬਾਅਦ ਮੁੱਖ ਮੰਤਰੀ ਹੇਮੰਤ ਸਰਮਾ ਨੇ ਕਿਹਾ ਕਿ ਉਸ ਦੀ ਸਰਕਾਰਇਸ ਰਾਜਵਿਚਲੇ ਸਰਹੱਦੀ ਜ਼ਿਲ੍ਹਿਆਂ ਵਿੱਚ 20 ਫ਼ੀਸਦੀ ਅਤੇ ਹੋਰ ਖੇਤਰਾਂ ਦੇ 10 ਫ਼ੀਸਦੀ ਲੋਕਾਂ ਦੀ ਨਾਗਰਿਕਤਾ ਦੀ ਮੁੜ ਕੇ ਤਸਦੀਕ



ਕਰਵਾਉਣਾ ਚਾਹੁੰਦੀ ਹੈ ਅਤੇ ਜੇ ਇਸ ਦੌਰਾਨ ਕੁਝ ਨੁਕਸ ਪਤਾ ਲੱਗਣਗੇਤਾਂ ਮੌਜੂਦਾ ਕੌਮੀ ਨਾਗਰਿਕਤਾ ਰਜਿਸਟਰ(ਐੱਨਆਰਸੀ)ਉੱਤੇ ਅਮਲ ਕਰਨ ਲਈ ਅੱਗੇ ਵਧ ਸਕਦੇ ਹਾਂ, ਪਰ ਜ਼ਿਆਦਾ ਨੁਕਸ ਨਿਕਲੇ ਤਾਂ ਉਨ੍ਹਾਂ ਨੂੰ ਆਸ ਹੈ ਕਿ ਅਦਾਲਤ ਨੋਟਿਸ ਲਵੇਗੀ ਅਤੇ ਨਵੇਂ ਦ੍ਰਿਸ਼ਟੀਕੋਣ ਨਾਲ ਜੋ ਕੁਝ ਜ਼ਰੂਰੀ ਹੋਵੇਗਾ, ਉਹ ਸਾਰਾ ਕੁਝ ਕਰੇਗੀ।

ਇਸ ਦੌਰਾਨ ਹੇਮੰਤ ਬਿਸਵਾ ਸਰਮਾ ਨਾਲ 13 ਹੋਰ ਵਿਧਾਇਕਾਂ ਨੇ ਮੰਤਰੀ ਵਜੋਂ ਸਹੁੰ ਚੁੱਕੀ ਹੈ, ਜਿਨ੍ਹਾਂ ਵਿੱਚ 10 ਮੰਤਰੀ ਭਾਜਪਾ ਦੇ, ਦੋ ਅਸਾਮ ਗਣ ਪ੍ਰੀਸ਼ਦ (ਏਜੀਪੀ) ਤੇ ਇਕ ਮੰਤਰੀ ਯੂਨਾਈਟਿਡ ਪੀਪਲਜ਼ ਪਾਰਟੀ ਲਿਬਰਲ (ਯੂ ਪੀਪੀਐੱਲ) ਦਾ ਲਿਆ ਹੈ। ਮੰਤਰੀ ਬਣਨ ਵਾਲਿਆਂ ਵਿੱਚ ਭਾਜਪਾ ਦੇ ਸੂਬਾ ਪ੍ਰਧਾਨ ਰਣਜੀਤ ਕੁਮਾਰ ਦਾਸ ਸ਼ਾਮਲ ਹਨ। ਕੈਬਨਿਟ ਵਿੱਚਇੱਕੋ ਮਹਿਲਾ ਅਜੰਤਾ ਨਿਯੋਗ ਹੈ, ਜਿਹੜੀ ਪਹਿਲਾਂ ਕਾਂਗਰਸ ਦੀ ਤਰੁਣ ਗੋਗੋਈ ਸਰਕਾਰ ਵਿੱਚਮੰਤਰੀ ਰਹਿ ਚੁੱਕੀ ਹੈ ਤੇ ਵਿਧਾਨ ਸਭਾ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਕਾਂਗਰਸ ਨੂੰ ਛੱਡ ਕੇ ਭਾਜਪਾ ਵਿੱਚਆਈ ਸੀ।ਭਾਜਪਾ ਦੇ ਸੂਬਾ ਪ੍ਰਧਾਨ ਰਣਜੀਤ ਕੁਮਾਰ ਦਾਸ ਤੋਂ ਇਲਾਵਾ ਰਨੋਜ ਪੇਗੂ, ਅਸ਼ੋਕ ਸਿੰਘਲ, ਬਿਮਲ ਬੋਰਾ ਅਤੇ ਯੂਜੀ ਬ੍ਰਹਮਾ (ਸਾਬਕਾ ਰਾਜ ਸਭਾ ਮੈਂਬਰ) ਪਹਿਲੀ ਵਾਰ ਮੰਤਰੀ ਬਣਾਏ ਗਏ ਹਨ।ਪਿਛਲੀ ਸਰਕਾਰ ਵਾਲੇ ਏਜੀਪੀ ਦੇ ਅਤੁਲ ਬੋਰਾ ਤੇ ਕੇਸ਼ਬ ਮਹੰਤਾ ਨੂੰ ਮੰਤਰੀ ਮੰਡਲ ਵਿੱਚਕਾਇਮ ਰੱਖਿਆ ਗਿਆ ਹੈ।




# ਪੰਜਾਬ ਵਿੱਚ ਕੋਰੋਨਾ ਨਾਲ ਰਿਕਾਰਡ 198 ਮੌਤਾਂ ਤੇ 8625 ਨਵੇਂ ਕੇਸ ਮਿਲੇ

ਚੰਡੀਗੜ੍ਹ, 10 ਮਈ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਨੂੰ ਰੋਕਣਦੀਆਂ ਪਾਬੰਦੀਆਂ ਹੋਣ ਦੇ ਬਾਵਜੂਦ ਪੰਜਾਬ ਵਿੱਚ ਕੋਰੋਨਾ ਦੇ ਕੇਸਾਂ ਅਤੇ ਮੌਤਾਂ ਦੀ ਗਿਣਤੀ ਲਗਾਤਾਰ ਵਧਦੀ ਜਾਂਦੀ ਹੈ। ਅੱਜ ਸੋਮਵਾਰ ਫਿਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੇਸ ਵੀ ਵਧੇ ਅਤੇ ਮੌਤਾਂ ਦੀ ਗਿਣਤੀ ਵੀ ਰਿਕਾਰਡ ਵਾਧੇ ਤੱਕ ਪਹੁੰਚ ਗਈ ਹੈ।

ਇਸ ਬਾਰੇ ਪੰਜਾਬ ਸਰਕਾਰ ਦੇ ਅੰਕੜਿਆਂ ਮੁਤਾਬਕ ਬੀਤੇ ਚੌਵੀ ਘੰਟਿਆਂ ਵਿੱਚ ਕੋਰੋਨਾ ਦੇ ਨਾਲ 198 ਲੋਕਾਂ ਦੀ ਮੌਤ ਹੋਈ ਤੇ 8625 ਨਵੇਂ



ਮਰੀਜ਼ ਪਤਾ ਲੱਗੇ ਹਨ। ਸਿਹਤ ਵਿਭਾਗਦੇ ਬੁਲੇਟਿਨ ਮੁਤਾਬਕ ਅੱਜ ਪੰਜਾਬ ਵਿੱਚ ਰਿਕਾਰਡ 198 ਮਰੀਜ਼ਾਂ ਦੀ ਮੌਤ ਹੋਈ ਹੈ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ 30 ਮੌਤਾਂ ਲੁਧਿਆਣਾ ਜ਼ਿਲ੍ਹੇ ਵਿੱਚ ਹੋਈਆਂ। ਬਠਿੰਡਾਵਿੱਚ 19, ਫਿਰੋਜ਼ਪੁਰ 11, ਅੰਮ੍ਰਿਤਸਰ10, ਹੁਸ਼ਿਆਰਪੁਰ9, ਫਾਜ਼ਿਲਕਾ ਤੇ ਜਲੰਧਰ8-8, ਫਰੀਦਕੋਟ5, ਗੁਰਦਾਸਪੁਰ ਤੇ ਕਪੂਰਥਲਾ4-4, ਫਤਹਿਗੜ੍ਹ ਸਾਹਿਬ3 ਤੇ ਬਰਨਾਲਾ ਵਿੱਚ 2 ਮੌਤਾਂ ਹੋਈਆਂ।ਅੱਜਹੀ ਪੰਜਾਬ ਵਿੱਚ ਕੋਰੋਨਾ ਦੇ 8625 ਨਵੇਂ ਕੇਸ ਮਿਲੇ, ਜਿਨ੍ਹਾਂ ਵਿਚ ਸਭ ਤੋਂ ਵੱਧਲੁਧਿਆਣਾ ਵਿੱਚ 1470 ਕੇਸ, ਮੋਹਾਲੀ 1382, ਪਟਿਆਲਾ 676, ਬਠਿੰਡਾ 629, ਜਲੰਧਰ 619, ਅੰਮ੍ਰਿਤਸਰ 561, ਮੁਕਤਸਰ ਸਾਹਿਬ 401, ਪਠਾਨਕੋਟ 396, ਹੁਸ਼ਿਆਰਪੁਰ 385, ਮਾਨਸਾ 353, ਫਾਜ਼ਿਲਕਾ 283, ਸੰਗਰੂਰ 214, ਗੁਰਦਾਸਪੁਰ 206, ਫਿਰੋਜ਼ਪੁਰ 181, ਰੋਪੜ 180, ਕਪੂਰਥਲਾ 171, ਮੋਗਾ 119, ਫਰੀਦਕੋਟ 104, ਤਰਨਤਾਰਨ 103, ਨਵਾਂਸ਼ਹਿਰ 85, ਫਤਹਿਗੜ੍ਹ ਸਾਹਿਬ 84 ਅਤੇ ਬਰਨਾਲਾ ਤੋਂ 23 ਲੋਕ ਜਾਂਚ ਦੇ ਬਾਅਦ ਪਾਜ਼ੇਟਿਵ ਨਿਕਲੇ ਹਨ।









# ਸੰਦੀਪ ਰਾਣੀ ਦੀ ਪੁਸਤਕ 'ਇੱਕ ਕਦਮ ਮੰਜ਼ਿਲ ਵੱਲ' ਰਿਲੀਜ਼



ਸਰੀ, 10 ਮਈ (ਹਰਦਮ ਮਾਨ): ਪੰਜਾਬ ਭਵਨ ਸਰੀ ਵਿਖੇ ਉੱਭਰਦੀ ਪੰਜਾਬੀ ਕਵਿੱਤਰੀ ਸੰਦੀਪ ਰਾਣੀ ਦੀ ਪਹਿਲੀ ਪੁਸਤਕ 'ਇੱਕ ਕਦਮ ਮੰਜ਼ਲਿ ਵੱਲ'ਰਿਲੀਜ਼ ਕੀਤੀ ਗਈ। ਸੁੱਖੀ ਬਾਠ ਹੁਰਾਂ ਦੀ ਅਗਵਾਈ ਹੇਠ ਹੋਏ ਇਕ ਸੰਖੇਪ ਸਮਾਗਮ ਵਿਚ ਇਸ ਪੁਸਤਕ ਦੀ ਘੁੰਡ ਚੁਕਾਈ ਪੰਜਾਬ ਭਵਨ ਸਰੀ ਦੇ ਬਾਨੀ ਸੁੱਖੀ ਬਾਠ, ਪ੍ਰਸਿੱਧ ਆਰਟਿਸਟ ਜਰਨੈਲ ਸਿੰਘ, ਪ੍ਰਸਿੱਧ ਸ਼ਾਇਰ ਕਵਿੰਦਰ ਚਾਂਦ, ਅਮਰੀਕ ਪਲਾਹੀ ਅਤੇ ਇੰਦਰਜੀਤ ਧਾਮੀ ਨੇ ਕੀਤੀ।


ਇਸ ਮੌਕੇ ਬੋਲਦਿਆਂ ਕਵਿੰਦਰ ਚਾਂਦ ਅਤੇ ਦੂਜੇ ਬੁਲਾਰਿਆਂ ਨੇ ਸੰਦੀਪ ਰਾਣੀ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸੰਦੀਪ ਪ੍ਰਤਿਭਾਸ਼ੀਲ ਲੇਖਿਕਾ ਦੇ ਨਾਲ ਨਾਲ ਇੱਕ ਕਾਰਜਸ਼ੀਲ ਸਮਾਜ ਸੇਵਿਕਾ ਵੀ ਹੈ। ਉਸ ਦੀ ਇਹ ਪੁਸਤਕ ਉਸ ਦੇ ਭਵਿੱਖਤ ਕਾਵਿ-ਸਫਰ ਦੀ ਪੇਸ਼ੀਨਗੋਈ ਕਰਦੀ ਹੈ।

# ਸਸਕਾਰ ਲਈ ਲੱਕੜਾਂ ਨਾ ਮਿਲਣ ਕਾਰਨ ਯੂ ਪੀ ਦੇ ਲੋਕ ਨਦੀ ਵਿੱਚ ਲਾਸ਼ਾਂ ਸੁੱਟਣ ਲੱਗੇ

### * ਬਕਸਰ ਵਿੱਚ 45 ਲਾਸ਼ਾਂ ਮਿਲਣ ਨਾਲ ਫੈਲੀ ਸਨਸਨੀ

ਬਕਸਰ, ਬਿਹਾਰ, 10 ਮਈ, (ਪੋਸਟ ਬਿਊਰੋ)- ਕੋਰੋਨਾ ਵਾਰਿਸ ਨਾਲ ਮਰਨ ਵਾਲੇ ਲੋਕਾਂ ਦੇ ਅੰਕੜੇ ਕੁਝ ਵੀ ਕਹਿਰਹੇ ਹੋਣ,ਬਿਹਾਰ ਦੇ ਬਕਸਰ ਜ਼ਿਲੇ ਦੇ ਚੌਸਾ ਵਿੱਚ ਮਹਾਦੇਵ ਘਾਟ ਉੱਤੇ ਰੁੜ੍ਹ ਕੇ ਆਈਆਂ ਲਾਸ਼ਾਂ ਦਾਵੇਰਦੱਸਰਿਹਾ ਹੈ ਕਿ ਹਾਲਤ ਕਿੰਨੀ ਖਰਾਬ ਹੈ। ਇਸ ਦੌਰਾਨ ਇਸ ਮੁੱਦੇ ਦੋ ਰਾਜਾਂ ਵਿਚਾਲੇ ਦੂਸ਼ਣਬਾਜ਼ੀ ਵੀਸ਼ੁਰੂਹੋ ਗਈ ਹੈ।

ਬਿਹਾਰ ਦੇ ਬਕਸਰ ਜ਼ਿਲਾ ਪ੍ਰਸ਼ਾਸਨ ਨੇ ਲਾਸ਼ਾਂ ਮਿਲਣ ਦੀ ਘਟਨਾ ਤੋਂ ਆਪਣਾ ਪੱਲਾ ਝਾੜ ਕੇ ਕਿਹਾਹੈ ਕਿ ਇਹ ਲਾਸ਼ਾਂ ਬਿਹਾਰ ਜਾਂ ਬਕਸਰ ਜ਼ਿਲੇ ਦੀਆਂ ਨਹੀਂ, ਉੱਤਰ ਪ੍ਰਦੇਸ਼ ਦੀਆਂ ਹਨ, ਜੋਰੁੜ੍ਹ ਕੇ ਏਧਰ ਆਈਆਂ ਹਨ।ਚੌਸਾ ਦੇ ਮਹਾਦੇਵ ਘਾਟ ਵਿੱਚ ਇੰਨੀਆਂ ਲਾਸ਼ਾਂ ਵੇਖ ਕੇ ਲੱਗਦਾ ਸੀ ਕਿ ਲਾਸ਼ਾਂ ਨੇ ਮਹਾਦੇਵ ਘਾਟ ਪੂਰੀ ਤਰ੍ਹਾਂ ਢੱਕ ਲਿਆ ਹੈ। ਇਸ ਘਟਨਾ ਦਾ ਵੀਡੀਓ ਵਾਇਰਲ ਹੋਣ ਪਿੱਛੋਂ ਜ਼ਿਲਾ ਪ੍ਰਸ਼ਾਸਨ ਵੱਲੋਂ ਚੌਸਾ ਦੇ ਬੀ ਡੀ ਓ ਅਸ਼ੋਕ ਕੁਮਾਰ ਨੇ ਕਿਹਾ ਕਿ 40 ਤੋਂ 45 ਲਾਸ਼ਾਂ



ਵੱਖ-ਵੱਖ ਥਾਵਾਂ ਤੋਂ ਰੁੜ੍ਹ ਕੇ ਮਹਾਦੇਵ ਘਾਟਤੱਕ ਆਈਆਂ ਹਨ। ਉਨ੍ਹਾਨੇ ਸਾਫ ਕਿਹਾ ਕਿ ਇਹ ਲਾਸ਼ਾਂ ਬਿਹਾਰਦੇ ਲੋਕਾਂ ਦੀਆਂ ਨਹੀਂ, ਅਸੀਂ ਘਾਟ ਉੱਤੇ ਚੌਂਕੀਦਾਰ ਰੱਖਿਆ ਹੈ ਤਾਂ ਕਿਲਾਸ਼ਾਂ ਦਾ ਠੀਕ ਤਰ੍ਹਾਂ ਅੰਤਿਮ ਸੰਸਕਾਰ ਹੋ ਸਕੇ। ਇਹ ਲਾਸ਼ਾਂ ਉੱਤਰ ਪ੍ਰਦੇਸ਼ ਤੋਂ ਰੁੜ੍ਹ ਕੇ ਆਈਆਂ ਹਨ ਅਤੇ ਓਧਰੋਂ ਲਾਸ਼ਾਂ ਨੂੰ ਏਥੇਆਉਣ ਤੋਂ ਰੋਕਣਾ ਸੰਭਵ ਨਹੀਂ, ਇਸ ਲਈ ਅਸੀਂ ਖੁਦ ਹੀ ਇਨ੍ਹਾਂ ਦੇ ਨਿਪਟਾਰੇ ਅਤੇ ਅੰਤਮ ਸੰਸਕਾਰ ਦੀ ਵਿਵਸਥਾ ਕਰਨ ਦੇ ਯਤਨ ਕਰ ਰਹੇ ਹਾਂ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਨੇਪਾਲ ਵਿੱਚ ਪ੍ਰਧਾਨ ਮੰਤਰੀ ਓਲੀ ਭਰੋਸੇ ਦਾ ਵੋਟ ਨਹੀਂ ਲੈ ਸਕੇ

### * ਪ੍ਰਤੀਨਿਧੀ ਸਦਨ ਵਿੱਚ ਚਾਲੀ ਵੋਟਾਂ ਦੀ ਘਾਟ ਕਾਰਨ ਹਾਰ ਗਏ

ਕਾਠਮੰਡੂ, 10 ਮਈ (ਪੋਸਟ ਬਿਊਰੋ)- ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਅੱਜ ਸੋਮਵਾਰ ਪਾਰਲੀਮੈਂਟ ਦੇ ਪ੍ਰਤੀਨਿਧਹਾਊਸ ਵਿਚ ਪੇਸ਼ ਹੋਏ ਮਤੇ ਦੇ ਮੁਤਾਬਕ ਭਰੋਸੇ ਦਾ ਵੋਟ ਨਹੀਂ ਲੈ ਸਕੇ। ਉਹ ਲੋੜੀਂਦੀਆਂ 136 ਵੋਟਾਂ ਲੈਣ ਤੋਂ ਪਛੜ ਗਏ ਅਤੇ ਸਿਰਫ 93 ਮੈਂਬਰਾਂ ਦੀ ਹਮਾਇਤ ਹੀ ਹਾਸਲ ਕਰ ਸਕੇ।

ਰਾਜਨੀਤਕ ਸੰਕਟ ਵਿੱਚ ਫਸੇ ਹੋਏ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੇ ਲਈ ਅੱਜ ਦੀ ਹਾਰਇਕ ਹੋਰ ਝਟਕਾ ਮੰਨੀਜਾਂਦੀ ਹੈ, ਜਿਹੜੇ ਕਮਿਊਨਿਸਟ ਪਾਰਟੀ ਆਫ ਨੇਪਾਲ (ਮਾਓਵਾਦੀ ਕੇਂਦਰ) ਦੇ ਪੁਸ਼ਪਕਮਲ ਦਹਿਲਦੇਧੜੇ ਵੱਲੋਂ ਸਰਕਾਰ ਦਾ ਸਮੱਰਥਨ ਵਾਪਸ ਲੈਣਪਿੱਛੋਂ ਪਾਰਟੀ ਉੱਤੇ ਪਕੜ ਮਜ਼ਬੂਤ ਕਰਨ ਦੇ ਯਤਨ ਕਰ ਰਹੇ ਸਨ।

ਰਾਸ਼ਟਰਪਤੀ ਵਿਦਿਆਦੇਵੀ ਭੰਡਾਰੀ ਦੇ ਆਦੇਸ਼ ਉੱਤੇ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੇਵਿਸ਼ੇਸ਼ ਸੈਸ਼ਨ ਵਿਚ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਵੱਲੋਂ ਪੇਸ਼ ਕੀਤੇ ਭਰੋਸੇ ਦੇ ਮਤੇ ਦੇ ਪੱਖ ਵਿਚ ਮਸਾਂ 93 ਵੋਟਾਂ ਪਈਆਂ,ਇਸ ਦੇ ਖਿਲਾਫ 124 ਮੈਂਬਰਾਂ ਨੇ ਵੋਟ ਪਾਈ। ਕੇ ਪੀ ਸ਼ਰਮਾਂ



ਓਲੀ (69) ਨੂੰ 275 ਮੈਂਬਰਾਂ ਦੇਹਾਊਸ ਵਿਚ ਭਰੋਸੇ ਦਾਵੋਟ ਜਿੱਤਣ ਲਈ 136 ਵੋਟਾਂ ਦੀ ਲੋੜ ਸੀ, ਚਾਰ ਮੈਂਬਰ ਇਸ ਸਮੇਂ ਸਸਪੈਂਡ ਹਨ।

ਨੇਪਾਲ ਦਾ ਰਾਜਨੀਤਕ ਸੰਕਟ ਬੀਤੇ ਸਾਲ 20 ਦਸੰਬਰ ਤੋਂ ਉਦੋਂ ਸ਼ੁਰੂ ਹੋਇਆ ਸੀ, ਜਦੋਂ ਰਾਸ਼ਟਰਪਤੀ ਵਿਦਿਆ ਦੇਵੀ ਭੰਡਾਰੀ ਨੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੀ ਸਿਫਾਰਿਸ਼ ਉੱਤੇ ਪਾਰਲੀਮੈਂਟਭੰਗ ਕਰ ਕੇ 30 ਅਪ੍ਰੈਲ ਤੇ 10 ਮਈ ਨੂੰ ਨਵੇਂ ਸਿਰੇ ਤੋਂ ਚੋਣਾਂ ਕਰਾਉਣ ਦਾ ਹੁਕਮ ਦਿੱਤਾ ਸੀ।ਕੇ ਪੀ ਸ਼ਰਮਾਓਲੀ ਨੇ ਇਹ ਸਿਫਾਰਿਸ਼ ਸੱਤਾਧਾਰੀ ਨੇਪਾਲ ਕਮਿਊਨਿਸਟ ਪਾਰਟੀ ਨਾਲ ਸੱਤਾ ਦੀ ਖਿੱਚੋਤਾਣਦੇ ਕਾਰਨਕੀਤੀ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਅਤੇ ਪ੍ਰਧਾਨ ਮੰਤਰੀ ਨੂੰ ਪਾਰਲੀਮੈਂਟ ਤੋਂ ਭਰੋਸੇ ਦਾ ਵੋਟ ਲੈਣ ਲਈ ਕਿਹਾ ਸੀ।

# ਭੂਟਾਨ ਵਿੱਚ ਚੀਨ ਆਪਣੇ ਪਿੰਡ ਵਸਾਉਂਦਾ ਜਾ ਰਿਹੈ

ਬੀਜਿੰਗ, 10 ਮਈ (ਪੋਸਟ ਬਿਊਰੋ)- ਚੀਨ ਅੱਜਕੱਲ੍ਹ ਭੂਟਾਨ ਵਿੱਚ ਕਈ ਪਿੰਡ ਵਸਾਉਂਦਾ ਜਾ ਰਿਹਾ ਹੈ ਅਤੇ ਅਜਿਹੀਆਂ ਰਿਪੋਰਟਾਂ ਹਨ ਕਿ ਉਸ ਦੀ ਨਜ਼ਰ ਭਾਰਤ ਦੀ ਸਰਹੱਦ ਉੱਤੇ ਹੈ।

ਵਰਨਣ ਯੋਗ ਹੈ ਕਿ ਚੀਨ ਨੇ ਅਕਤੂਬਰ 2015 ਵਿੱਚ ਐਲਾਨ ਕੀਤਾ ਸੀ ਕਿ ਉਸ ਨੇ ਤਿੱਬਤ ਆਟੋਨਮਸ ਰੀਜਨ ਵਿੱਚ ਗਿਆਲਾਫੂਗ ਨਾਮੀ ਪਿੰਡ ਵਸਾਇਆ ਹੈ। ਪਿਛਲੇ ਸਾਲ ਅਪ੍ਰੈਲ ਵਿੱਚ ਕਮਿਊਨਿਸਟ ਪਾਰਟੀ ਦੇ ਸਕੱਤਰ ਵੂ ਉਕਤ ਪਿੰਡ ਪੁੱਜੇ ਸਨ। ਇਸ ਬਾਰੇ ਸਥਾਨਕ ਮੀਡੀਆ ਵਿੱਚ ਚਰਚਾ ਹੋਈ ਪਰ ਚੀਨ ਤੋਂ ਬਾਹਰ ਇਹ ਖ਼ਬਰ ਨਹੀਂ ਪੁੱਜੀ। ਜਿਸ ਤਰ੍ਹਾਂ ਦੱਖਣੀ ਚੀਨੀ ਸਾਗਰ ਵਿੱਚ ਚੀਨ ਵੱਲੋਂ ਭੜਕਾਊ ਕਾਰਵਾਈਆਂ ਹੋ ਰਹੀਆਂ ਹਨ, ਉਸੇ ਤਰ੍ਹਾਂ ਹਿਮਾਲਿਆ ਖੇਤਰ ਵਿੱਚ ਵੀ ਕਾਰਵਾਈਆਂ ਹੋ ਰਹੀਆਂ ਹਨ। ਇੰਝ ਕਰ ਕੇ ਚੀਨ ਆਪਣੇ ਗੁਆਂਢੀ ਦੇਸ਼ਾਂ ਨਾਲ ਰਿਸ਼ਤੇ ਵਿਗਾੜ ਰਿਹਾ ਹੈ।

ਰਿਪੋਰਟਾਂ ਮੁਤਾਬਕ ਚੀਨ ਨੂੰ ਭੂਟਾਨ ਦਾ ਇਲਾਕਾ ਨਹੀਂ ਚਾਹੀਦਾ। ਉਹ ਭੂਟਾਨ ਉੱਤੇ ਦਬਾਅ ਪਾਉਣਾ ਚਾਹੁੰਦਾ ਹੈ ਕਿ ਭਾਰਤ ਦਾ ਮੁਕਾਬਲਾ ਕਰਨ ਲਈ ਉਸ ਨੂੰ ਜੇ ਕਿਤੇ ਹੋਰ ਜ਼ਮੀਨ ਚਾਹੀਦੀ ਹੋਵੇ ਤਾਂ ਮਿਲ ਸਕੇ। ਭਾਰਤ ਨਾਲ ਸੜਕ ਨਿਰਮਾਣ ਅਤੇ ਹੋਰ ਮੁੱਦਿਆਂ ਬਾਰੇ ਚੀਨ ਨੇ 1962 ਵਿੱਚ ਭਾਰਤ ਨਾਲ ਜੰਗ ਕੀਤੀ ਸੀ। 1967 ਅਤੇ 1987 ਵਿੱਚ ਦੋਹਾਂ ਦੇਸ਼ਾਂ ਦੀਆਂ ਫੌਜਾਂ ਦੀਆਂ ਝੜਪਾਂ ਹੋਈਆਂ ਸਨ। ਪਿਛਲੇ ਸਾਲ ਭਾਰਤ ਦੇ 20 ਜਵਾਨ ਮਾਰੇ ਗਏ ਸਨ। ਉਤਰੀ ਭੂਟਾਨ 'ਚ ਚੀਨ ਨੇ ਤਿੰਨ ਥਾਵਾਂ ਉੱਤੇ ਆਪਣਾ ਦਾਅਵਾ ਕੀਤਾ ਹੈ। ਪੱਛਮ ਵਿੱਚ ਚਾਰ, ਪੂਰਬ ਵਿੱਚ ਸਾਕਤੇਂਗ ਅਤੇ ਉਤਰ 'ਚ ਬੇਯੁਲ ਖੇਨਪਜਾਂਗ ਉਤੇ ਉਹ ਆਪਣਾ ਦਾਅਵਾ ਕਰਦਾ ਹੈ। ਇਸ ਦੇ ਨਾਲ ਹੀ ਮੇਨਚੁਮਾ ਘਾਟੀ ਉਤੇ ਵੀ ਚੀਨ ਆਪਣਾ ਅਧਿਕਾਰ ਦੱਸਦਾ ਹੈ। ਚੀਨ ਦੇ ਨਕਸ਼ੇ ਵਿੱਚ ਚਾਂਗਜਮ ਨੂੰ ਚੀਨ ਦਾ ਹਿੱਸਾ ਦੱਸਿਆ ਗਿਆ ਹੈ। 1990 ਤੋਂ ਚੀਨ ਭੂਟਾਨ ਲਈ 495 ਵਰਗ ਕਿਲੋਮੀਟਰ ਜ਼ਮੀਨ ਛੱਡਣ ਦੀ ਪੇਸ਼ਕਸ਼ ਕਰ ਰਿਹਾ ਹੈ। ਨਾਲ ਉਹ ਇਹ ਸ਼ਰਤ ਲਾ ਰਿਹਾ ਹੈ ਕਿ ਭੂਟਾਨ ਡੋਕਲਾਮ, ਚਕਿਥਾਂਗ, ਡ੍ਰਮਾਨਾ ਅਤੇ ਸ਼ਕਾਟੋ ਵਿੱਚ 269 ਕਿਲੋਮੀਟਰ ਦੀ ਥਾਂ ਛੱਡ ਦੇਵੇ।

# ਲੀਕ ਹੋਏ ਦਸਤਾਵੇਜ਼ ਵਿੱਚ ਖੁਲਾਸਾ : ਤੀਜੀ ਸੰਸਾਰ ਜੰਗ ਦੀ ਤਿਆਰੀ ਵਿੱਚ ਹੈ ਚੀਨ

ਵਾਸ਼ਿੰਗਟਨ, 10 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਂਮਾਰੀ ਲਗੱਭਗ ਡੇਢ ਸਾਲ ਬਾਅਦ ਵੀ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਹੈ। ਅੱਜ ਤੱਕ ਇਸ ਦੀ ਉਤਪਤੀ ਸਬੰਧੀ ਠੋਸ ਸਬੂਤ ਨਹੀਂ ਮਿਲ ਸਕੇ। ਅਮਰੀਕੀ ਅਧਿਕਾਰੀਆਂ ਨੂੰ ਮਿਲੇ ਛੇ ਸਾਲ ਪੁਰਾਣੇ ਦਸਤਾਵੇਜ਼ ਮੁਤਾਬਕ ਚੀਨੀ ਵਿਗਿਆਨੀ ਕੋਰੋਨਾ ਵਾਇਰਸ ਦੀ ਮਦਦ ਨਾਲ ਜੈਵਿਕ ਹਥਿਆਰ ਤਿਆਰ ਕਰਨ ਦਾ ਕੰਮ ਕਰ ਰਹੇ ਸਨ, ਜਿਸ ਨਾਲ ਤੀਜੀ ਸੰਸਾਰ ਜੰਗ ਲੜੀ ਜਾ ਸਕੇ। ਇਸ ਦਸਤਾਵੇਜ਼ ਵਿੱਚ ਛੇ ਸਾਲ ਤੋਂ ਜੈਵ ਅਤੇ ਜੈਨੇਟਿਕ ਹਥਿਆਰ ਤਿਆਰ ਕਰਨ ਦੀ ਗੱਲ ਕਹੀ ਗਈ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਅਨੁਸਾਰ ਦਸਤਾਵੇਜ਼ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਜੰਗਾਂ ਵਿੱਚ ਜਿੱਤ ਲਈ ਜੈਵ ਹਥਿਆਰ ਅਹਿਮ ਹੋਣਗੇ। ਇਸ ਵਿੱਚ ਇਨ੍ਹਾਂ ਦੀ ਵਰਤੋਂ ਦਾ ਸਹੀ ਸਮਾਂ ਵੀ ਦੱਸਿਆ ਗਿਆ ਅਤੇ 'ਦੁਸ਼ਮਣ ਦੇ ਮੈਡੀਕਲ ਸਿਸਟਮ' 'ਤੇ ਅਸਰ ਦੀ ਚਰਚਾ ਕੀਤੀ ਗਈ ਹੈ। 'ਦਿ ਆਸਟਰੇਲੀਆ ਦੀ ਰਿਪੋਰਟ ਵਿੱਚ ਚੀਨੀ ਫੌਜ ਦੇ ਵਿਗਿਆਨੀਆਂ ਤੇ ਸਿਹਤ ਅਧਿਕਾਰੀਆਂ ਦੇ ਡੋਜ਼ੀਅਰ ਉਤੇ ਗੱਲ ਕੀਤੀ ਗਈ ਹੈ ਅਤੇ ਹਥਿਆਰ ਦੇ ਰੂਪ 'ਚ ਬੀਮਾਰੀਆਂ ਦੀ ਵਰਤੋਂ ਕਰਨ ਦੀ ਗੱਲ ਕਹੀ ਗਈ ਹੈ। ਰਿਪੋਰਟ ਅਨੁਸਾਰ 18 ਵਿਗਿਆਨੀ ਹਾਈ ਰਿਸਕ ਲੈਬ ਵਿੱਚ ਇਸ 'ਤੇ ਕੰਮ ਕਰ ਰਹੇ ਸਨ। ਦਸਤਾਵੇਜ਼ ਦੇ ਲੇਖਕਾਂ ਅਨੁਸਾਰ ਤੀਜੀ ਸੰਸਾਰ ਜੰਗ ਵਿੱਚ ਜੈਵ ਹਥਿਆਰ ਜਿੱਤ ਦਿਵਾਉਣਗੇ।


Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976



BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh


416.670.3173 | 905.799.7333
27 Edvac Dr, Brampton, ON L6S 5X8



# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best



EXCLUSIVE FOR SALE IN WOODSTOCK

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |




EXCLUSIVE
JAMES C

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

3+1 bdrms with finished Basement




Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਰਿਸ਼ਤਿਆਂ ਲਈ ਹਮੇਸ਼ਾ ਸਮਾਂ ਤੇ ਧਿਆਨ ਜ਼ਰੂਰੀ ਹੈ ਨਾ ਕਿ ਪੈਸਾ

-ਗਗਨਦੀਪ ਧਾਲੀਵਾਲ-

ਦੋਸਤੋਂ ਸਮਾਂ ਬਹੁਤ ਕੀਮਤੀ ਹੈ।ਸਮੇਂ ਦਾ ਮਨੁੱਖੀ ਜੀਵਨ ਵਿੱਚ ਬਹੁਤ ਮਹੱਤਵ ਹੈ।ਮਨੁੱਖ ਕੋਲ ਇੱਕੋ-ਇੱਕ ਕੀਮਤੀ ਚੀਜ ਹੈ ਉਹ ਹੈ ਸਮਾਂ।ਜੋ ਮਨੁੱਖ ਦੇ ਹੱਥੋਂ ਇੱਕ ਵਾਰ ਲੰਘ ਜਾਵੇ ਮੁੜ ਵਾਪਿਸ ਨਹੀਂ ਆਉਂਦਾ।ਦੋਸਤੋਂ ਰਿਸ਼ਤਿਆਂ ਨੂੰ ਚਿਰ ਸਥਾਈ ਬਣਾਈ ਰੱਖਣ ਲਈ ਸਮੇਂ ਦੀ ਜ਼ਰੂਰਤ ਹੁੰਦੀ ਹੈ ਨਾ ਕਿ ਪੈਸੇ ਦੀ।ਇਹ ਰਿਸ਼ਤੇ ਹਮੇਸ਼ਾ ਸਮਾਂ ਮੰਗਦੇ ਹਨ।ਜਿੰਨਾਂ ਕੋਲ ਆਪਣਿਆਂ ਲਈ ਸਮਾਂ ਨਹੀਂ ਹੁੰਦਾ ਉਹ ਆਪਣਿਆਂ ਤੋਂ ਦੂਰ ਹੁੰਦੇ ਜਾਂਦੇ ਹਨ।ਇੱਕ ਦਿਨ ਅਜਿਹਾ ਆਉਂਦਾ ਹੈ ਕਿ ਉਹ ਹਮੇਸ਼ਾ ਲਈ ਆਪਣਿਆ ਨੂੰ ਖੋ ਦਿੰਦਾ ਹੈ।ਦੋਸਤੋਂ ਹਰ ਇੱਕ ਰਿਸ਼ਤਾ ਚਾਹੇ ਉਹ ਦਾਦਾ- ਦਾਦੀ,ਮਾਂ-ਬਾਪ,ਭੈਣ-ਭਰਾ,ਪਤੀ-ਪਤਨੀ,ਬੱਚੇ,ਦੋਸਤ ਆਦਿ ਦੇ ਰੂਪ ਵਿੱਚ ਹੋਵੇ ਹਰ ਕੋਈ ਸਮਾਂ ਮੰਗਦਾ ਹੈ।ਜੋ ਮਨੁੱਖ ਪੈਸੇ ਦੀ ਹੋੜ ਵਿੱਚ ਲੱਗੇ ਰਹਿੰਦੇ ਹਨ ਉਹਨਾਂ ਕੋਲ ਇਹਨਾਂ ਰਿਸ਼ਤਿਆਂ ਲਈ ਸਮਾਂ ਨਹੀਂ ਹੁੰਦਾ।ਅੱਜ ਕੱਲ ਦੇ ਕੰਪਿਊਟਰ ਯੁੱਗ ਨੇ ਅੱਜ ਦੇ ਮਨੁੱਖ ਨੂੰ ਏਨਾ-ਕੁ ਵਿਅਸਤ ਕਰ ਦਿੱਤਾ ਹੈ ਕਿ ਉਸ ਕੋਲ ਆਪਣਿਆ ਲਈ ਸਮਾਂ ਨਹੀ।ਜੇਕਰ ਅੱਜ ਦੇਖਿਆਂ ਜਾਵੇ ਤਾਂ ਬੱਚੇ ਸਕੂਲ ਦਾ ਕੰਮ ਕਰਨ ਤੋਂ ਬਾਅਦ ਫਿਰ ਖੇਡਣ ਲੱਗ ਜਾਂਦੇ ਹਨ।ਫਿਰ ਟਿਊਸ਼ਨ ਚਲੇ ਜਾਂਦੇ ਹਨ।ਫਿਰ ਟੀ.ਵੀ ਤੇ ਕੰਪਿਊਟਰ ਜਾਂ ਮੋਬਾਇਲ 'ਤੇ ਗੇਮ ਖੇਡਣ ਲੱਗ ਜਾਂਦੇ ਹਨ।ਤੇ ਫਿਰ ਖਾ ਪੀ ਕੇ ਸੌਂ ਜਾਂਦੇ ਹਨ ਜਦਕਿ ਉਹਨਾਂ ਕੋਲ ਦਾਦਾ ਦਾਦੀ ਕੋਲ ਬੈਠਣ ਦਾ ਸਮਾਂ ਤੱਕ ਨਹੀਂ ਹੁੰਦਾ।ਤਾਹੀਓ ਤਾਂ ਅੱਜ ਕੱਲ ਬਹੁਤ ਬੱਚਿਆਂ ਨੂੰ ਦਾਦਾ ਦਾਦੀ ਦੇ ਪਿਆਰ ਪਤਾ ਤੱਕ ਨਹੀਂ ਹੁੰਦਾ।ਮਨੁੱਖ ਸਾਰਾ ਦਿਨ ਵਿਅਸਤ ਰਹਿੰਦਾ ਹੈ ਪੈਸੇ ਦੀ ਹੋੜ ਵਿੱਚ ਲੱਗਾ ਰਹਿੰਦਾ ਹੈ ਏਧਰ -ਓਧਰ ਦੀ ਭੱਜ ਦੌੜ ਵਿੱਚ ਥੱਕ ਹਾਰ ਕੇ ਘਰ ਆਉਂਦਾ ਹੈ ਤੇ ਸ਼ਾਮ ਵੇਲੇ ਸੌਂ ਜਾਂਦਾ ਹੈ ਸਵੇਰੇ ਉੱਠ ਕੇ ਫਿਰ ਕੰਮ 'ਤੇ ਚਲਾ ਜਾਂਦਾ ਹੈ।ਬਜ਼ੁਰਗ ਉਸਦੇ ਮੂੰਹਾਂ ਵੱਲ ਦੇਖਦੇ ਰਹਿੰਦੇ ਹਨ ਕਿ ਕੋਈ ਗੱਲ ਕਰੇ ਸਾਡੇ ਕੋਲ ਬੈਠੇ ਪਰ ਉਸ ਕੋਲ ਸਮਾਂ ਹੈ ਹੀ ਕਿੱਥੇ ਵੀ ਉਹ ਆਪਣੇ ਪਰਿਵਾਰ ਵਿੱਚ ਬੈਠ ਕੇ ਗੱਲ ਕਰ ਸਕੇ।ਕਈ ਲੋਕ ਸਮੇਂ ਦੀ ਨਜ਼ਾਕਤ ਨੂੰ ਪਹਿਚਾਣ ਲੈਂਦੇ ਹਨ ਤੇ ਸਹੀ ਫ਼ੈਸਲੇ ਕਰ ਲੈਂਦੇ ਹਨ ਤੇ ਕੰਮ ਲਈ ਵੀ ਸਮਾਂ ਕੱਢਦੇ ਹਨ ਤੇ ਆਪਣਿਆ ਲਈ ਵੀ।

ਸ਼ੇਕਸਪੀਅਰ ਨੇ ਵੀ ਕਿਹਾ ਸੀ, ਜੋ ਸਮੇਂ ਨੂੰ ਨਸ਼ਟ ਕਰਦਾ ਹੈ, ਸਮਾਂ ਉਸਨੂੰ ਨਸ਼ਟ ਕਰ ਦਿੰਦਾ ਹੈ।

ਭਾਈ ਵੀਰ ਸਿੰਘ ਜੀ ਵੀ ਮਨੁੱਖ ਨੂੰ ਸਮੇਂ ਦਾ ਮਹੱਤਵ ਦੱਸਦੇ ਸਮਝਾਉਂਦੇ ਹਨ।

ਰਹੀ ਵਾਸਤੇ ਘੱਤ, ਸਮੇਂ ਨੇ ਇਕ ਨਾ ਮੰਨੀ .<br>
ਫੜ ਫੜ ਰਹੀ ਧਰੀਕ, ਸਮੇਂ ਖਿਸਕਾਈ ਕੰਨੀ।<br>
ਕਿਵੇਂ ਨਾ ਸੱਕੀ ਰੋਕ ਅਟੱਕ ਜੋ ਪਾਈ ਕੰਨੀ .<br>
ਤ੍ਰਿਖੇ ਆਪਣੇ ਵੇਗ, ਗਿਆ ਟੱਪ ਬੰਨੇ ਬੰਨੀ ।<br>
ਹੋ ਸੰਭਲ ! ਸੰਭਾਲ ਇਸ ਸਮੇਂ ਨੂੰ,<br>
ਕਰ ਸਫਲ ਉੱਡਦਾ ਜਾਂਦਾ ।<br>
ਇਹ ਠਹਿਰਨ ਜਾਚ ਨਾ ਜਾਣਦਾ,<br>
ਲੰਘ ਗਿਆ ਨਾ ਮੁੜ ਕੇ ਆਂਵਦਾ।

ਕਿਸੇ ਸਿਆਣੇ ਨੇ ਸਹੀ ਕਿਹਾ ਹੈ ਦੋਸਤੋਂ ਵੀ ਪੈਸਾ ਤਾਂ ਹੱਥਾਂ ਦੂ ਮੈਲ ਹੈ ਫਿਰ ਆ ਜਾਵੇਗਾ ਪਰ ਇੱਕ ਵਾਰ ਸਮਾਂ ਲੰਘਿਆ ਵਾਪਿਸ ਨਹੀਂ ਆਉਂਦਾ ਅਸੀਂ ਸਮੇਂ ਦੀ ਘਾਟ ਹੋਣ ਕਾਰਨ ਜੋ ਰਿਸ਼ਤੇ ਗਵਾ ਲੈਂਦੇ ਹਾਂ ਜੋ ਮੁੜ ਕੇ ਨਹੀਂ ਆਉਂਦੇ।ਸੋ ਸਾਨੂੰ ਸਾਰਿਆ ਰਿਸ਼ਤਿਆਂ ਨੂੰ ਸਮਾਂ ਦੇਣਾ ਚਾਹੀਦਾ ਹੈ ਚਾਹੇ ਉਹ ਥੋੜ੍ਹਾ ਹੀ ਕੱਢੋ ।ਆਪਣੇ ਹਮੇਸ਼ਾ ਸਮਾਂ ਮੰਗਦੇ ਹਨ।ਯਾਦ ਰੱਖਿਓ ਜੋ ਲੋਕ ਆਪਣਿਆ ਲਈ ਸਮਾਂ ਦਿੰਦੇ ਹਨ ਉਹ ਆਪਣੀ ਜ਼ਿੰਦਗੀ ਦੀ ਸਭ ਤੋਂ ਕੀਮਤੀ ਚੀਜ ਦਿੰਦੇ ਹਨ।

# ਦਰਬਾਰ ਸਾਹਿਬ ਵਿਚ ਦੂਜੇ ਧਰਮਾਂ ਵਾਲਿਆਂ 'ਤੇ ਕੀਰਤਨ ਕਰਨ ਤੇ ਰੋਕ ਕਿਵੇਂ ਲੱਗੀ

ਪੰਜਾਬੀ ਟ੍ਰਿਬਿਊਨ ਦੇ 9 ਵਾਲੇ 'ਦਸਤਕ' ਪਿੜ ਵਿਚ ਹਾਰੂਨ ਖ਼ਾਲਿਦ ਦਾ ਲੇਖ ਛਪਿਆ ਹੈ। ਲੇਖ ਦਾ ਮਜ਼ਮੂਨ ਹੈ 'ਲਾਹੌਰ ਅਤੇ ਅੰਮ੍ਰਿਤਸਰ ਜਨਮ ਤੋਂ ਇਕੱਠ ਦੋ ਸ਼ਹਿਰ ਅਤੇ ਹੁਣ ...' ਇਸ ਲੇਖ ਵਿਚ ਲੇਖਕ ਨੇ ਦੋਨਾਂ ਸ਼ਹਿਰਾਂ ਦੀ ਸਾਂਝ ਦੇ ਨਾਲ-ਨਾਲ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੀ ਭਾਈਚਾਰਕ ਸਾਂਝ ਦੀ ਗੱਲ ਕਰਦਿਆਂ ਅਖੀਰ ਵਿਚ ਸਿੱਟਾ ਕੱਢਿਆ ਹੈ ਕਿ ਹੁਣ ਦੋਨੇਂ ਸ਼ਹਿਰਾਂ ਵਿਚ ਪਹਿਲਾਂ ਵਾਲੀ ਗੱਲ ਨਹੀਂ ਰਹੀ। ਲੇਖਕ ਭਾਈ ਗ਼ੁਲਾਮ ਮੁਹੰਮਦ ਦੀ ਗੱਲ ਕਰਦਾ ਹੈ ਜਿਹੜੇ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਵਾਲੇ ਰਬਾਬੀ ਭਾਈ ਸਾਧਾ ਅਤੇ ਭਾਈ ਮਾਧਾ ਦੇ ਪਰਿਵਾਰ ਵਿਚੋਂ ਸਨ। ਲੇਖਕ ਨੂੰ ਰੋਸ ਹੈ ਭਾਈ ਗ਼ੁਲਾਮ ਮੁਹੰਮਦ ਅੰਮ੍ਰਿਤਧਾਰੀ ਨਾ ਹੋਣ ਕਾਰਨ 2008 ਵਿਚ ਅੰਮ੍ਰਿਤਸਰ ਵਿਚ ਕੀਰਤਨ ਨਹੀਂ ਸਨ ਕਰ ਸਕੇ। ਉਨ੍ਹਾਂ ਦਾ ਪਰਿਵਾਰ ਪੀੜ੍ਹੀਆਂ ਤੱਕ ਅੰਮ੍ਰਿਤਧਾਰੀ ਨਾ ਹੋਣ ਦੇ ਬਾਵਜੂਦ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਦਾ ਰਿਹਾ ਸੀ। ਹਾਰੂਨ ਖ਼ਾਲਿਦ ਦਾ ਖਿਆਲ ਹੈ ਕਿ ਮੁਸਲਮਾਨ ਰਬਾਬੀਆਂ ਨੂੰ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਦੀ ਮਨਾਹੀ ਭਾਈਚਾਰਕ ਸਾਂਝ ਨੂੰ ਸੱਟ ਹੈ।

ਇਸ ਤਰਾਂ ਦਾ ਮਸਲਾ ਪਹਿਲੀ ਵਾਰ ਨਹੀਂ ਉੱਠਿਆ, ਅਕਸਰ ਇਹ ਮਾਮਲਾ ਉਠਦਾ ਰਹਿੰਦਾ ਹੈ। 2012 ਵਿਚ ਜਦੋਂ ਭਾਈ ਮਰਦਾਨਾ ਦੀ ਬੰਸ ਵਿਚੋਂ ਆਖੇ ਜਾਂਦੇ ਭਾਈ ਆਸ਼ਿਕ ਅਲੀ ਸਾਹਿਬ ਦੀ ਮੌਤ ਹੋਈ ਸੀ ਤਾਂ ਵੀ ਇਹ ਮਸਲਾ ਵੱਡੇ ਪੱਧਰ ਤੇ ਉੱਠਿਆ ਸੀ ਕਿਉਂਕਿ ਭਾਈ ਆਸ਼ਿਕ ਅਲੀ ਸਾਹਿਬ ਨੇ ਭਾਰਤ ਵਿਚ ਆ ਕੇ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਦੀ ਮੰਗ ਰੱਖੀ ਸੀ ਅਤੇ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਅਵਤਾਰ ਸਿੰਘ ਮੱਕੜ ਨੇ ਸਿੱਖ ਰਹਿਤ ਮਰਯਾਦਾ ਦਾ ਹਵਾਲਾ ਦੇ ਕੇ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸਿੱਖ ਰਹਿਤ ਮਰਯਾਦਾ ਵਿਚ ਕੀਰਤਨ ਸਿਰਲੇਖ ਹੇਠ ਦਰਜ ਹੈ ਕਿ "ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।"

ਹੁਣ ਇਸ ਗੱਲ ਤੇ ਵਿਚਾਰ ਕਰਦੇ ਹਾਂ ਕਿ ਸਿੱਖ ਰਹਿਤ ਮਰਯਾਦਾ ਵਿਚ ਇਹ ਸ਼ਰਤ ਪਾਉਣ ਦੀ ਲੋੜ ਕਿਉਂ ਪਈ? ਸਿੱਖ ਇਹ ਗੱਲ ਭਲੀ-ਭਾਂਤ ਜਾਣਦੇ ਹਨ ਕਿ ਸਿੱਖ ਕੀਰਤਨ ਦੀ ਪ੍ਰਫੁੱਲਤਾ ਵਿਚ ਮੁਸਲਮਾਨ ਰਬਾਬੀਆਂ ਦਾ ਕਿੰਨਾ ਵੱਡਾ ਯੋਗਦਾਨ ਹੈ। ਜਦ ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਦੀ ਨੀਂਹ ਰੱਖੀ ਉਸ ਵੇਲੇ ਤੋਂ ਹੀ ਭਾਈ ਮਰਦਾਨਾ ਰਬਾਬੀ ਗੁਰੂ ਨਾਨਕ ਸਾਹਿਬ ਦੇ ਮੁਸਲਮਾਨ ਸਾਥੀ ਸਨ ਜੋ ਗੁਰੂ ਨਾਨਕ ਦਾ ਹੀ ਰੂਪ ਸਨ। ਭਾਈ ਮਰਦਾਨਾ ਗੁਰੂ ਜੀ ਦਾ ਪਹਿਲਾ ਸਰੋਤਾ ਅਤੇ ਗਾਇਕ ਵੀ ਸੀ। ਉਨ੍ਹਾਂ ਦੇ ਦੋ ਸਪੁੱਤਰ ਰਜ਼ਾਦਾ ਤੇ ਸ਼ਜ਼ਾਦਾ ਅਤੇ ਇਕ ਸਪੁੱਤਰੀ ਕਾਕੋ ਸਨ। ਉਨ੍ਹਾਂ ਦਾ ਸਪੁੱਤਰ ਸ਼ਜ਼ਾਦਾ ਗੁਰੂ ਅੰਗਦ ਦੇਵ ਜੀ ਦਾ ਹਜ਼ੂਰੀ ਰਾਗੀ ਰਿਹਾ ਅਤੇ ਸ਼ਜ਼ਾਦਾ ਦੇ ਦੋਵੇਂ ਸਪੁੱਤਰ ਭਾਈ ਬਨੂ ਜੀ ਅਤੇ ਭਾਈ ਸਾਲ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਹਜ਼ੂਰੀ ਰਾਗੀ ਸਨ। ਉਨ੍ਹਾਂ ਦੀ ਬੰਸਾਵਲੀ ਦੇ ਭਾਈ ਸਤਾ ਅਤੇ ਭਾਈ ਬਲਵੰਡ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਕੀਰਤਨ ਕਰਦੇ ਸਨ। ਉਨ੍ਹਾਂ ਦੋਹਾਂ ਦੀਆਂ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 966-68 ਤੇ ਦਰਜ ਹਨ। ਜਦੋਂ ਦਰਬਾਰ ਸਾਹਿਬ ਨੂੰ ਸਿੱਖ ਰੂਹਾਨੀ ਕੇਂਦਰ ਵਜੋਂ ਸਥਾਪਿਤ ਕੀਤਾ ਗਿਆ ਤਾਂ ਮੁਸਲਮਾਨ ਰਬਾਬੀਆਂ ਨੇ ਸ਼ਬਦ ਕੀਰਤਨ ਵਿਚ ਅਹਿਮ ਯੋਗਦਾਨ ਪਾਇਆ। ਫਿਰ ਵੀ ਮੁਸਲਮਾਨ ਰਬਾਬੀਆਂ ਤੇ ਦਰਬਾਰ ਸਾਹਿਬ ਵਿਚ ਅਤੇ ਸੰਗਤੀ ਰੂਪ ਵਿਚ ਕੀਰਤਨ ਕਰਨ ਤੇ ਪਾਬੰਦੀ ਲੱਗ ਜਾਣ ਪਿੱਛੇ ਇਹਨਾਂ ਰਬਾਬੀਆਂ ਦਾ ਹੀ ਹੱਥ ਹੈ। ਗੱਲ ਨੂੰ ਸਮਝਣ ਲਈ ਪਹਿਲਾਂ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਸ਼ਬਦ ਕੀਰਤਨ ਰੂਹਾਨੀਅਤ ਨਾਲ ਸਬੰਧ ਰਖਦਾ ਹੈ ਤਾਂ ਕਿ ਹੋਰ ਬਹੁਤਾ ਸੰਗੀਤ ਮਾਇਆਵੀ ਮਨੋਰੰਜਨ ਲਈ ਪੈਦਾ ਕੀਤਾ ਜਾਂਦਾ ਹੈ। ਇਹਨਾਂ ਦੋਨਾਂ ਸੰਗੀਤਾਂ ਦਾ ਆਪਸੀ ਮੇਲ ਨਹੀਂ ਹੈ। ਸਮੱਸਿਆ ਸੰਨ 1900 ਦੇ ਨੇੜੇ-ਤੇੜੇ ਸਿਖਰ ਤੇ ਪੁੱਜ ਗਈ ਜਦੋਂ ਸਿੱਖ ਧਰਮ ਵਿਚ ਅੰਤਾਂ ਵੀ ਗਿਰਾਵਟ ਆਈ ਹੋਈ ਸੀ। ਉਸ ਵੇਲੇ ਗੁਰੂਘਰਾਂ ਤੇ ਮਹੰਤਾਂ ਦਾ ਕਬਜਾ ਸੀ ਅਤੇ ਉਨ੍ਹਾਂ ਦਾ ਧਰਮ ਦਾ ਕੋਈ ਸਬੰਧ ਨਹੀਂ ਸੀ। ਇਸ ਸਮੇਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਵੀ ਮੂਰਤੀਆਂ ਦੀ ਪੂਜਾ ਹੋਣ ਲੱਗ ਪਈ ਸੀ ਅਤੇ ਗੁਰੂਘਰਾਂ ਵਿਚ ਪੀੜ੍ਹੀ ਦਰ ਪੀੜ੍ਹੀ ਕੀਰਤਨ ਕਰਨ ਵਾਲੇ ਰਬਾਬੀਆਂ ਦੀਆਂ ਨਵੀਆਂ ਪੀੜ੍ਹੀਆਂ ਵਿਚ ਵੀ ਅੰਤਾਂ ਦੀ ਗਿਰਾਵਟ ਆ ਗਈ ਸੀ। ਇਹਨਾਂ ਰਬਾਬੀਆਂ ਵਿਚ ਕੇਵਲ ਮੁਸਲਮਾਨ ਰਬਾਬੀ ਹੀ ਨਹੀਂ ਸਗੋਂ ਹਿੰਦੂ ਕੀਰਤਨੀਏ ਵੀ ਸਨ। ਗੁਰੂ ਨਾਨਕ ਸਾਹਿਬ ਜੀ ਨੇ ਰਬਾਬ ਨੂੰ




ਸ਼ਰਾਬਖਾਨਿਆਂ ਵਿਚੋਂ ਕੱਢਕੇ ਧੁਰ ਕੀ ਬਾਣੀ ਨਾਲ ਜੋੜਿਆ ਸੀ ਅਤੇ ਇਹ ਰਬਾਬੀਏ ਮੁੜ ਇਸ ਨੂੰ ਸ਼ਰਾਬਖਾਨਿਆਂ ਵਿਚ ਲੈ ਗਏ ਸਨ। ਇਹ ਰਬਾਬੀ ਅਤੇ ਕੀਰਤਨੀਆਂ ਨੇ ਗੁਰੂਘਰ ਵਿਚ ਵਰਜਿਤ ਤਮਾਕੂ ਦੀ ਸ਼ਰੇਆਮ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਸੀ ਅਤੇ ਮੂੰਹ-ਸਿਰ ਮੁਨਾ ਕੇ ਪਤਿਤ ਹੋ ਗਏ ਸਨ। ਦਿਨੇ ਦਰਬਾਰ ਸਾਹਿਬ ਵਿਚ ਕੀਰਤਨ ਕਰਦੇ ਸਨ ਅਤੇ ਰਾਤ ਨੂੰ ਜਲਸਿਆਂ ਅਤੇ ਮਹਿਖਾਨਿਆਂ ਵਿਚ ਗੰਦੇ ਗੀਤ ਗਾਉਂਦੇ ਸਨ। ਪੰਜਾਬੀ ਵਿਚ ਗਰਾਮੋਫ਼ੋਨ ਰਿਕਾਰਡ 1902 ਦੇ ਨੇੜੇ-ਤੇੜੇ ਰਿਕਾਰਡ ਹੋਣੇ ਸ਼ੁਰੂ ਹੋਏ ਉਨ੍ਹਾਂ ਤੇ ਛਪੀਆਂ ਇਹਨਾਂ ਰਬਾਬੀਆਂ ਦੀਆਂ ਫ਼ੋਟੋਆਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਉਸ ਵੇਲੇ ਦੇ ਪ੍ਰਸਿੱਧ ਰਬਾਬੀ ਭਾਈ ਸਾਈਂ ਦਿੱਤਾ ਜਿਹੜੇ ਕਿ ਚੋਟੀ ਦੇ ਰਬਾਬੀ ਸਨ ਅਤੇ ਇਹਨਾਂ ਦੀਆਂ ਕਈ ਪੁਸ਼ਤਾਂ ਨੇ ਗੁਰੂਘਰ ਵਿਚ ਕੀਰਤਨ ਕੀਤਾ ਸੀ। ਦੇ ਰਿਕਾਰਡਾਂ ਵਿਚ ਅਜਿਹੇ ਰਿਕਾਰਡ ਹਨ ਜਿਹੜੇ ਰੂਹਾਨੀਅਤ ਦੇ ਐਨ ਉਲਟ ਅਤੇ ਮਾਇਆਵੀ ਪ੍ਰਭਾਵ ਹੇਠ ਸਨ। ਮਸਾਲ ਤੇ ਤੌਰ ਤੇ ਹੇਠਾਂ ਦਰਬਾਰ ਸਾਹਿਬ ਦੇ ਰਬਾਬੀਆਂ-ਰਾਗੀਆਂ ਦੇ ਕੁੱਝ ਰਿਕਾਰਡ ਗੀਤਾਂ ਦਾ ਵੇਰਵਾ ਦਿੱਤਾ ਹੋਇਆ ਹੈ। ਬਰੈਕਟ ਵਿਚ ਰਿਕਾਰਡ ਦਾ ਨੰਬਰ ਹੈ:

ਭਾਈ ਦੇਸਾ: ਮੇਰੇ ਨਰਮ ਕਲੇਜੇ ਲਾਈਆਂ ਸੂਈਆਂ ਸਾਰ ਵਾਲੀਆਂ (ਪੀ5576), ਰੁਪਏ ਦੀਆਂ ਚਾਰ ਪੌਲੀਆਂ (ਪੀ5576),

ਭਾਈ ਫ਼ੈਜ਼: ਬੰਕੇ ਨੈਣਾਂ ਵਾਲੀਏ ਦੇ ਜਾ ਕਰੇਲੇ(ਪੀ 5512), ਮੰਦਾ ਨੌਹਰੀਏ ਦਾ ਪੁੱਤ (ਪੀ 5512), ਲੱਕ ਮੇਰਾ ਤੋੜ ਸੁੱਟਿਆ (ਪੀ5578), ਸੂਹਾ ਕੁੜਤਾ ਦੇਨੀਆ ਛਪਾ, (ਪੀ5578), ਮੇਰਾ ਰੰਗਦੇ ਦੁਪੱਟਾ ਗੁਲਾਨਾਰੀ (ਪੀ5703), ਸ਼ਰਬਤ ਹਿਜ਼ਰ ਦੇ ਚਖਾ ਵਸਲ ਵਿਚ ਮਾਰ ਨਹੀਂ (ਪੀ5703),ਬੋਤਲ ਟੁੱਟ ਜਾਏ ਜਿਹਨੇ ਖਸਮ ਸ਼ੁਦਾਈ ਕੀਤਾ (ਪੀ5785),ਮੁੰਡਾ ਰੋ ਪਿਆ ਡੋਲੇ ਦੀ ਬਾਂਹ ਫੜਕੇ (ਪੀ5829),

ਸਾਈਂ ਦਿੱਤਾ: ਲੱਛੀਏ ਕੁਆਰ ਗੰਦਲੇ (ਪੀ805), ਕਮਲੇ ਨੀ ਅਸੀਂ ਪਿਆਰੀ ਜਾਨ ਦੇ (ਪੀ805), ਪੀੜ ਕਰੇਂਦੇ ਨਾਜ਼ਕ ਬੁੰਦੇ (ਐੱਨ 1073), ਪਹੁੰਚੀ ਕਿਉਂ ਨੀ ਦਿੰਦਾ ਘੜਾਕੇ (ਐੱਨ 1073)

ਭਾਈ ਘਸੀਟਾ: ਪਹਿਲੀ ਵਾਰ ਸਾਨੂੰ ਮਾਹੀ ਲੈਣ ਆਇਆ (ਪੀ 3612), ਕਿਹੜੇ ਯਾਰ ਦਾ ਤੱਤਾ ਦੁੱਧ ਪੀਤਾ ਨੀ ਹਰਨਾਮ ਕੁਰੇ (ਪੀ 3852), ਬਾਣੀਏ ਦੀ ਦਾਲ਼ ਕਰਾਰੀ (ਪੀ 3852), ਤੂੰ ਬੁੱਢਾ ਸੁਣੇਦਾ ਮੇਰੇ ਤੇ ਜਵਾਨੀ ਹੁਣ ਵੇ (ਪੀ 3997)

ਭਾਈ ਲਾਲ ਜੀ: ਲੀਓ ਖ਼ਬਰ ਗਿਰਧਾਰੀ, ਦਰੋਪਤਾਂ ਰੋਇ ਪੁਕਾਰੀ

ਭਾਈ ਛੈਲਾ: ਬੱਲੇ ਪਟੋਲਿਆ ਤੇਰੇ (ਪੀ 3611), ਯਾਰਾਂ ਦੇ ਨਾਲ ਬਹਾਰਾਂ(ਪੀ 3611), ਮਾਰ ਸੱਟੀ ਚੁੱਪ ਵੱਟ ਵੇ(ਪੀ 3851), ਕਿਹੜੇ ਯਾਰ ਕਰ ਲਏ (ਪੀ3811), ਚੂੜੇ ਵਾਲੀ ਬਾਂਹ ਕੱਢਕੇ (ਪੀ4777), ਪ੍ਰੇਮ ਨਗਰ ਦੀਆਂ ਕੁੜੀਆਂ(ਪੀ4777), ਘੱਗਰੇ ਚ ਪੈਣ ਘੁੰਮਰਾਂ (ਪੀ 4578), ਨਾਗ ਇਸ਼ਕ ਦਾ ਡੱਸ ਨੀ ਗਿਆ (ਪੀ 4880), ਮੇਰਾ ਲੱਕ ਦੁਖਦਾ ਸਿਰ ਵੱਖ ਦੁਖਦਾ(ਪੀ4988),

ਭਾਈ ਸੰਤੂ: ਤੇਰਾ ਲੌਂਗ ਚਮਕਾਰੇ ਮਾਰੇ (ਪੀ 5234), ਪੱਖੀ ਨੂੰ ਲਵਾਦੇ ਘੁੰਗਰੂ (ਪੀ 5234), ਮੈਂ ਲੁੱਟ ਗਈ ਹੀਰ ਸਿਆਲ ਵੇ (ਪੀ 5582), ਸਦਾ ਨਾ ਜਵਾਨੀ ਰਹਿਣੀ (ਪੀ 5582)


ਭਾਈ ਸੁੰਦਰ ਜੀ: ਘੱਟ ਕੇ ਲਿਆਂਦੀ ਮਹਿੰਦੀ (ਪੀ4046), ਮਿਰਜ਼ਾ ਸੌਂ ਗਿਆ ਹੇਠ ਜੰਡ (ਪੀ4046)

ਭਾਈ ਵਲੈਤ ਜੀ: ਤੇਰੇ ਇਸ਼ਕ ਕੀਤਾ ਬੇਹਾਲ ਮੈਨੂੰ (ਪੀ 5789), ਹੀਰ ਦੇ ਵਿਯੋਗ ਤੇਰੇ ਟਿੱਲੇ ਆ ਗਿਆ (ਪੀ 5789)

ਦਰਬਾਰ ਸਾਹਿਬ ਦੇ ਰਬਾਬੀ ਭਾਈ ਛੈਲਾ ਨੇ ਤਾਂ ਹਰ ਮਨਮਤਿ ਦੀਆਂ ਸਿਖਰਾਂ ਨੂੰ ਪਾਰ ਲਿਆ ਸੀ। ਇਹ ਰਬਾਬੀ ਪਟਿਆਲਾ ਰਿਆਸਤ ਦਾ ਰਾਜ ਗਾਇਕ ਵੀ ਬਣ ਗਿਆ ਅਤੇ ਸ਼ਰਾਬ ਪਿਆਲਿਆਂ ਦਾ ਵੀ ਪੁੱਜਕੇ ਸ਼ੁਕੀਨ ਸੀ। ਇਹਨਾਂ ਵਿਚੋਂ ਭਾਈ ਦੇਸਾ ਜੀ ਦੀਆਂ ਤਿੰਨ ਪੀੜ੍ਹੀਆਂ ਦਰਬਾਰ ਸਾਹਿਬ ਦੀਆਂ ਰਬਾਬੀ ਸਨ ਇਹ ਖ਼ੁਦ ਵੀ ਆਪਣੇ ਬਾਪ ਸਾਈਂ ਦਿੱਤਾ ਨਾਲ ਦਰਬਾਰ ਸਾਹਿਬ ਵਿਚ ਕੀਰਤਨ ਕਰਦਾ ਹੁੰਦਾ ਸੀ ਪਰ ਜਿਉਂ ਹੀ ਪੰਜਾਬੀ ਫ਼ਿਲਮਾਂ ਦੀ ਸ਼ੁਰੂਆਤ ਹੋਈ ਤਾਂ ਇਹ 1934 ਵਿਚ ਸਭ ਤੋਂ ਪਹਿਲੀ ਬੋਲਦੀ ਪੰਜਾਬੀ ਫ਼ਿਲਮ 'ਮਿਰਜ਼ਾ-ਸਾਹਿਬਾਂ' ਵਿਚ ਦਾ ਹੀਰੋ ਬਣਿਆ। ਇਸ ਦੇ ਵਡੇਰੇ ਭਾਈ ਖਹਿਰਾ ਅਤੇ ਮਹਿਰਾ 19ਵੀਂ ਸਦੀ ਵਿਚ ਦਰਬਾਰ ਸਾਹਿਬ ਦੇ ਰਬਾਬੀ ਸਨ। ਇਸ ਤਰਾਂ ਇਹਨਾਂ ਰਬਾਬੀਆਂ ਨੇ ਸਿੱਖਾਂ ਵਿਚ ਆਪਣੀ ਪੜਤ ਗਵਾ ਲਈ ਸੀ ਅਤੇ ਇਹ ਸਿੱਖਾਂ ਨੂੰ ਨਮੋਸ਼ੀ ਦਾ ਕਾਰਨ ਬਣ ਗਏ ਸਨ। ਜਦੋਂ ਇਹ ਰਾਤ ਨੂੰ ਮਹਿਫ਼ਲਾਂ ਅਖਾੜਿਆਂ ਵਿਚ ਗੰਦੇ ਗੀਤ ਗਾਉਂਦੇ ਅਤੇ ਦਿਨੇ ਗੁਰੂਘਰਾਂ ਵਿਚ ਕੀਰਤਨ ਕਰਦੇ ਤਾਂ ਸਿੱਖ ਇਹਨਾਂ ਦੇ ਦੰਦੀਆਂ ਕਰੀਚਦੇ ਸਨ ਪਰ ਗੁਰੂਘਰਾਂ ਦੇ ਮਹੰਤਾਂ ਦਾ ਕਬਜਾ ਹੋਣ ਕਰਕੇ ਸਿੱਖਾਂ ਦੀ ਕੋਈ ਵਾਹ ਨਹੀਂ ਸੀ ਚਲਦੀ। ਸਿੰਘ ਸਭਾ ਲਹਿਰ ਦੇ ਅਰੰਭ ਹੋਣ ਨਾਲ ਸਿੱਖਾਂ ਨੇ ਸਭ ਤੋਂ ਪਹਿਲਾਂ ਇਹਨਾਂ ਰਬਾਬੀਆਂ ਨਾਲ ਨਜਿੱਠਣ ਦੀ ਕੀਤੀ। ਇਹਨਾਂ ਨਸ਼ੇੜੀ ਅਤੇ ਪਤਿਤ ਰਬਾਬੀਆਂ ਤੋਂ ਖਹਿੜਾ ਛੁਡਵਾਉਣ ਲਈ ਸਿੱਖਾਂ ਵਿਚ ਕੀਰਤਨ ਕਰਨ ਦੀ ਲਹਿਰ ਪੈਦਾ ਕੀਤੀ ਗਈ। ਕੀਰਤਨੀਆਂ ਵਿਚ ਸਿੱਖ ਰਹਿਤ-ਮਰਯਾਦਾ ਦਾ ਧਾਰਨੀ ਹੋਣਾ ਲਾਜ਼ਮੀ ਕਰ ਦਿੱਤਾ ਗਿਆ ਗਿਆ ਜਿਸ ਕਰਕੇ ਰਬਾਬੀ ਕੀਰਤਨੀਏ ਜਿਹੜੇ ਰਾਗਾਂ ਵਿਚ ਤਾਂ ਨਿਪੁੰਨ ਸਨ ਪਰ ਗੁਰਬਾਣੀ ਪ੍ਰਤੀ ਸ਼ਰਧਾ ਨਾ ਹੋਣ ਕਾਰਨ ਇਹਨਾਂ ਵੱਲੋਂ ਸਿੱਖਾਂ ਨਾਲ ਸਾਂਝ ਰੱਖਣੀ ਮੁਸ਼ਕਲ ਹੋ ਗਈ। ਜਿਹੜੇ ਰਾਗੀ -ਰਬਾਬੀਆਂ ਨੇ ਸਿੱਖੀ ਸਰੂਪ ਧਾਰਨ ਕਰ ਲਿਆ ਉਨ੍ਹਾਂ ਦੀ ਸੇਵਾ ਪ੍ਰਵਾਨ ਕਰ ਲਈ ਗਈ। ਜੋ ਸਿਰਫ਼ ਪੈਸੇ ਖ਼ਾਤਰ ਹੀ ਗੁਰੂਘਰ ਦੇ ਰਬਾਬੀ ਸਨ ਉਨ੍ਹਾਂ ਨੇ ਆਪਣਾ ਨਾਤਾ ਸਿੱਖੀ ਕੀਰਤਨ ਨਾਲੋਂ ਤੋੜ ਲਿਆ। 1945 ਤੱਕ ਸ੍ਰੀ ਦਰਬਾਰ ਸਾਹਿਬ ਵਿਚ 15 ਰਬਾਬੀ ਜਥੇ ਤੰਤੀਸ਼ਾਜਾਂ ਨਾਲ ਕੀਰਤਨ ਕਰਦੇ ਰਹੇ ਹਨ, ਜਿਨ੍ਹਾਂ ਵਿਚੋਂ 7 ਮੁਸਲਮਾਨ ਜਥੇ ਉਹ ਸਨ ਜਿਨ੍ਹਾਂ ਨੇ ਸਿੱਖੀ ਸਰੂਪ ਅਪਣਾ ਲਿਆ ਸੀ। 1947 ਦੀ ਵੰਡ ਸਮੇਂ ਉਹ ਵੀ ਨਵੇਂ ਬਣੇ ਮੁਲਕ ਪਾਕਿ-ਸਤਾਨ ਵਿਚ ਚਲੇ ਗਏ ਅਤੇ ਮੁੜ ਪਤਿਤ ਹੋ ਗਏ। ਇਹਨਾਂ ਰਬਾਬੀਆਂ ਨੂੰ ਗੁਰੂਘਰ ਤੋਂ ਟੁੱਟਣ ਦਾ ਵੱਡਾ ਨੁਕਸਾਨ ਇਹ ਹੋਇਆ ਕਿ ਇਹ ਸਭ ਗੁਰਬਾਣੀ ਦੀਆਂ ਪੁਰਾਤਨ ਬੰਦਸ਼ਾਂ ਨੂੰ ਭੁੱਲ ਗਏ ਅਤੇ ਆਮ ਲੋਕਾਂ ਵਰਗੇ ਬਣ ਗਏ। 23 ਅਗਸਤ 2020 ਨੂੰ ਬੀਬੀਸੀ ਪੰਜਾਬੀ ਤੇ ਪ੍ਰਕਾਸ਼ਿਤ ਇੰਟਰਵਿਊ ਵਿਚ ਭਾਈ ਮਰਦਾਨਾ ਖ਼ਾਨਦਾਨ ਵਿਚੋਂ ਆਖੇ ਜਾਂਦੇ ਸੂਫ਼ੀ ਮੁਸਤਾਕ ਨੇ ਮੰਨਿਆ ਕਿ ਗੁਰੂਘਰਾਂ ਵਿਚ ਗਾਉਣ ਦੀ ਪੁਰਾਣੀ ਰੀਤ ਹੁਣ ਸਾਨੂੰ ਉੱਕ-ਉਕਾ ਗਈ ਹੈ। ਹੁਣ ਇਹਨਾਂ ਰਬਾਬੀ ਖ਼ਾਨਦਾਨਾਂ ਦੇ ਦਾਅਵੇਦਾਰਾਂ ਦਾ ਹੱਕ ਨਹੀਂ ਰਹਿ ਜਾਂਦਾ ਕਿ ਉਹ ਗੁਰੂਘਰਾਂ ਵਿਚ ਕੀਰਤਨ ਕਰਨ ਦਾ ਹੱਕ ਮੰਗਣ ਕਿਉਂਕਿ ਸਿਰਫ਼ ਗੁਰੂਘਰਾਂ ਦੇ ਪ੍ਰੇਮੀ ਖ਼ਾਨਦਾਨ ਵਿਚੋਂ ਹੋਣਾ ਕੋਈ ਵਿਸ਼ੇਸ਼ ਗੁਣ ਨਹੀਂ ਰਖਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਉਹ ਸਿੱਖ ਰਹਿਤ ਮਰਯਾਦਾ ਤੇ ਹੁਣ ਵਾਂਗ ਡਟ ਕੇ ਪਹਿਰਾ ਦਿੰਦੇ ਰਹਿਣ ਤਾਂ ਕਿ ਅੱਗੇ ਤੋਂ ਕੋਈ ਅਜਿਹੀ ਮੁਸ਼ਕਲ ਪੇਸ਼ ਨਾ ਆਵੇ।

-ਗੁਰਸੇਵਕ ਸਿੰਘ ਧੌਲਾ<br>
ਸੰਪਰਕ: 8360752220

# ਕਿਸਾਨ ਸੰਘਰਸ਼ ਦੀਆਂ ਜੜ੍ਹਾਂ ਡੂੰਘੀਆਂ ਧਰਤੀ ਵਿਚ ਲਹੀਆਂ



– ਰਿਪੁਦਮਨ ਸਿੰਘ ਰੂਪ–

ਕਿਸਾਨ ਸੰਘਰਸ਼ ਪਹਿਲਾਂ ਨਾਲੋਂ ਵੀ ਹੋਰ ਤਕੜਾ ਅਤੇ ਸ਼ਕਤੀਸ਼ਾਲੀ ਹੋ ਗਿਆ ਹੈ। ਪਹਿਲਾਂ ਨਾਲੋਂ ਵੀ ਹੋਰ ਤਕੜਾ ਅਤੇ ਕਿਉਂ ਸ਼ਕਤੀਸ਼ਾਲੀ ਹੋ ਗਿਆ ਹੈ? ਕਿਉਂਕਿ ਇਹ ਸੰਘਰਸ਼ ਇੱਕਲਾ ਕਿਸਾਨਾਂ ਦੇ ਹਿੱਤਾਂ ਲਈ ਨਹੀਂ ਹੈ। ਇਹ ਸੰਘਰਸ਼ ਪੂਰੀ ਲੋਕਾਈ ਲਈ ਹੈ, ਭਾਵੇਂ ਦੇਖਣ ਨੂੰ ਉਪਰੋਂ ਉਪਰੋਂ ਤਿੰਨੇ ਕਾਨੂੰਨ ਕਿਸਾਨ ਵਿਰੋਧੀ ਭਾਸਦੇ ਲਗਦੇ ਹਨ। ਪਰ ਜਦੋਂ ਇਹਨਾਂ ਕਾਨੂੰਨਾਂ ਦੀਆਂ ਪਰਤਾਂ ਫਰੋਲਦੇ ਜਾਈਏ ਤਾਂ ਇਹ ਕਾਰਪੋਰੇਟ ਸੈਕਟਰ ਵੱਲੋਂ ਕੀਤੀ ਜਾ ਰਹੀ ਲੁੱਟ ਵੱਲ ਸੇਧਤ ਹੋ ਜਾਂਦੇ ਹਨ। ਇਹਨਾਂ ਕਾਨੂੰਨਾਂ ਰਾਹੀਂ ਭਾਰਤ ਦੀ ਵੰਨ ਸੁਵੰਨੀ ਉਪਜਾਊ ਧਰਤੀ ਨੂੰ ਹੜਪਣ ਲਈ ਦੇਸੀ ਅਤੇ ਵਿਦੇਸ਼ੀ ਪੂੰਜੀਪਤੀਆਂ ਵਿਚ ਹੋੜ ਲੱਗੀ ਹੋਈ ਹੈ ਅਤੇ ਸਾਡੀ ਬੀ.ਜੇ.ਪੀ. ਦੀ ਸਰਕਾਰ ਉਹਨਾਂ ਦੀ ਭਾਈਵਾਲ ਹੈ ਅਤੇ ਪੂਰੀ ਤਰ੍ਹਾਂ ਨਾਲ ਅਡਾਨੀ-ਅੰਬਾਨੀ ਅਤੇ ਉਹਨਾਂ ਵਰਗੇ ਹੋਰ ਪੂੰਜੀਪਤੀਆਂ ਨਾਲ ਘਿਓ-ਖਿਚੜੀ ਹੈ।

ਇਸੇ ਲਈ ਅੱਠ ਮਹੀਨਿਆਂ (ਸਣੇ ਪੰਜਾਬ) ਤੋਂ ਚੱਲ ਰਿਹਾ ਕਿਸਾਨ ਸੰਘਰਸ਼ ਕੇਂਦਰ ਦੀ ਬੀ.ਜੇ.ਪੀ. ਸਰਕਾਰ ਨੂੰ ਦਿਸਦਾ ਨਹੀਂ ਹੈ। ਇੱਕ ਸੌ ਪੰਜਾਹ ਦਿਨਾਂ ਤੋਂ ਉਪਰ ਦਿੱਲੀ ਦੇ ਬਾਡਰਾਂ ਉੱਤੇ ਬੈਠੇ ਕਿਸਾਨ ਸਰਕਾਰ ਨੂੰ ਨਜ਼ਰੀ ਨਹੀਂ ਪੈ ਰਹੇ। ਚਾਰ ਸੌ ਦੇ ਨੇੜੇ ਕਿਸਾਨਾਂ ਦੀ ਠੰਡ, ਬੀਮਾਰੀ ਅਤੇ ਹੋਰ ਕਾਰਣਾਂ ਕਰਕੇ ਹੋਈਆਂ ਮੌਤਾਂ ਵੀ ਸਰਕਾਰ ਦੀ ਜ਼ਮੀਰ ਨੂੰ ਝੰਜੋੜ ਨਹੀਂ ਸਕੀਆਂ।

ਠੀਕ ਬੀ.ਜੇ.ਪੀ. ਅਤੇ ਆਰ.ਐਸ.ਐਸ. ਦੀ ਸਰਕਾਰ ਦੀ ਜ਼ਮੀਰ ਝੰਜੋੜੀ ਨਹੀਂ ਗਈ। ਝੰਜੋੜੀ ਵੀ ਨਹੀਂ ਜਾ ਸਕਦੀ, ਕਿਉਂਕਿ ਇਹ ਲੋਕ ਆਮ ਲੋਕਾਂ ਤੇ ਗਰੀਬਾਂ ਲਈ ਸੰਵੇਦਨਸ਼ੀਲ ਨਹੀਂ ਹਨ। ਇਹ ਤਾਂ ਬਲਕਿ ਇਹਨਾਂ ਦੇ ਦੁਸ਼ਮਣ ਹਨ। ਦਿਲੋਂ ਮੰਨੋ ਵਿਰੋਧੀ। ਹਿੰਦੂ ਹਿੰਦੂ ਇਹ ਸਿਰਫ਼ ਲੋਕਾਂ ਨੂੰ ਪਾੜਣ ਲਈ ਹੀ ਅਲਾਪਦੇ ਰਹਿੰਦੇ ਹਨ। ਲੱਖਾਂ ਹਿੰਦੂ ਪਹਿਲੇ ਲਾਕ ਡਾਊਣ ਵਿਚ ਕਿਵੇਂ ਸੜ੍ਹਕਾਂ ਉੱਤੇ ਨੰਗੇ ਪੈਰ, ਭੁੱਖਣ-ਭਾਣੇ ਤੜਪ ਤੜਪ ਮਰਦੇ ਰਹੇ। ਕਿਵੇਂ ਰੇਲ ਗਡੀਆਂ ਹੇਠਾਂ ਆ ਕੇ ਕੁਚਲਦੇ ਰਹੇ। ਇਸੇ ਲਈ ਅੱਜ ਕਿਸਾਨ ਸੰਘਰਸ਼ ਵਿਚ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਿੰਦੂ ਕਿਸਾਨ-ਚਾਹੇ ਉਹ ਗੁਜਰਾਤ, ਯੂ.ਪੀ., ਹਰਿਆਣਾ, ਮਹਾਰਾਸ਼ਟਰ, ਝਾਰਖੰਡ ਦੇ ਹੋਣ, ਇਹ ਕਿਸਾਨ ਹੁਣ ਇਹਨਾਂ ਲਈ ਦੇਸ਼ ਧਰੋਹੀ, ਅੱਤਵਾਦੀ, ਮਾਓਵਾਦੀ, ਸ਼ਹਿਰੀ ਨਕਸਲੀ ਅਤੇ ਖਾਲਿਸਤਾਨੀ ਹਨ। ਹਿੰਦੂ ਨਹੀਂ ਹਨ।

ਕੋਰੋਨਾ ਦਾ ਬਹਾਨਾ ਕਰਕੇ ਹੁਣ ਸਰਕਾਰ ਆਪਰੇਸ਼ਨ ਕਲੀਨ ਕਰਕੇ ਗਾਜ਼ੀਪੁਰ, ਸਿੰਘੂ, ਟਿੱਕਰੀ ਬਾਰਡਰਾਂ ਉੱਤੇ ਆਪਣੇ ਆਰ.ਐਸ.ਐਸ. ਅਤੇ ਬੀ.ਜੇ.ਪੀ. ਦੇ ਵਰਕਰਾਂ ਨੂੰ ਭੇਜ ਕੇ ਕਿਸਾਨਾਂ ਨੂੰ ਉੱਥੋਂ ਖਦੇੜਨਾ ਚਾਹੁੰਦੀ ਹੈ। ਪਰ ਇਹ ਸਰਕਾਰ ਭੁਲਦੀ ਹੈ ਕਿ ਇਹ ਕਿਸਾਨ ਸੰਘਰਸ਼ ਨੂੰ ਸ਼ਾਹੀਨ ਬਾਗ਼ ਨਾ ਸਮਝ ਲਵੇ। ਇਹ ਸੰਘਰਸ਼ ਸਿਰਫ਼ ਤਿੰਨ ਕਾਨੂੰਨਾਂ ਨੂੰ ਰੱਦ ਕਰਨ ਤੱਕ ਸੀਮਤ ਨਹੀਂ ਰਿਹਾ। ਇਸ ਸੰਘਰਸ਼ ਨੇ ਦੂਰ, ਬਹੁਤ ਦੂਰ ਜਾਣਾ ਹੈ। ਇਸ ਸੰਘਰਸ਼ ਨੇ ਸੰਸਾਰ ਪੂੰਜੀ ਦੀ ਸੰਘੀ ਨੱਪਣੀ ਹੈ। ਇਸ ਸੰਘਰਸ਼ ਦੇ ਪਸਾਰ ਬਹੁਤ ਦੂਰ ਤੱਕ ਜਾਂਦੇ ਹਨ। ਆਜ਼ਾਦੀ ਮਗਰੋਂ ਇਹ ਪਹਿਲਾ ਸੰਘਰਸ਼ ਹੈ ਜਿਹੜਾ ਕਾਰਪੋਰੇਟ ਸੈਕਟਰ ਵਿਰੁੱਧ ਲਾਮਬੰਦ ਹੋ ਰਿਹਾ ਹੈ। ਪਹਿਲੋਂ ਸਿਰਫ਼ ਕਮਿਊਨਿਸਟ ਪਾਰਟੀਆਂ, ਖੱਬੀਆਂ ਪਾਰਟੀਆਂ ਹੀ ਇਸ ਮੁੱਦੇ ਨੂੰ ਛੂਹੰਦੀਆਂ ਸਨ। ਪਰ ਪੰਜਾਬ ਵਿਚੋਂ ਉਠਿਆ ਇਹ ਕਾਰਪੋਰੇਟ ਵਿਰੋਧੀ ਸੰਘਰਸ਼ ਦੇ ਅਰਥ ਹੁਣ ਪੰਜਾਬ ਦੇ ਬੱਚੇ ਬੱਚੇ ਨੂੰ ਸਮਝ ਪੈ ਰਹੇ ਹਨ। ਅਮਲੀ ਤੌਰ 'ਤੇ ਟੋਲ ਪਲਾਜ਼ਿਆਂ ਉੱਤੇ ਲੱਗੇ ਧਰਨਿਆਂ ਨੇ ਵਾਹਣਾਂ ਨੂੰ ਬਿਨਾਂ ਟੋਲ ਦਿੱਤਿਆਂ ਲੰਘਵਾਉਣਾ। ਇਸ ਨਾਲ ਆਮ ਬੰਦੇ ਨੂੰ ਕਾਰਪੋਰੇਟ ਸੈਕਟਰ ਦੀ ਲੁੱਟ ਦੀ ਸਮਝ ਪੈਂਦੀ ਹੈ। ਕੀ ਟੋਲ ਪਲਾਜ਼ਿਆਂ ਉਤੇ ਬਿਨਾਂ ਟੋਲ ਦਿੱਤਿਆਂ ਲੰਘਣ ਦੇਣਾ ਪੂਰੇ ਭਾਰਤ ਵਿਚ ਕਰਾਂਤੀਕਾਰੀ ਕਦਮ ਨਹੀਂ ਹੈ? ਇਸ ਨਾਲ ਭਾਰਤ ਦੇ ਵਾਸੀ ਜਿੱਥੇ ਖ਼ੁਸ਼ ਹੁੰਦੇ ਹਨ ਉੱਥੇ ਕਾਰਪੋਰੇਟ ਸੈਕਟਰ ਦੀ ਲੁੱਟ ਨੂੰ ਸਮਝਣ ਲਈ ਜਾਗ੍ਰਤ ਵੀ ਹੋ ਰਹੇ ਹਨ। ਫਿਰ ਅਡਾਨੀ-ਅੰਬਾਨੀ ਦੇ ਮਾਲਾਂ, ਪੈਟਰੋਲ ਪੰਪਾਂ, ਥਰਮਲ ਪਲਾਟਾਂ ਆਦਿ ਦੀ ਵੀ ਸਮਝ ਪੈ ਰਹੀ ਹੈ। ਇਸ ਮਗਰੋਂ ਪ੍ਰਾਈਵੇਟ ਬੱਸਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹਸਪਤਾਲਾਂ ਆਦਿ ਬਾਰੇ ਵੀ ਸੋਚਣ ਲੱਗ ਜਾਣਗੇ। ਇਸੇ ਲਈ ਇਹ ਲੜਾਈ ਇੱਕਲੇ ਕਿਸਾਨਾਂ ਦੀ ਨਾ ਰਹਿ ਕੇ ਪੂਰੇ ਭਾਰਤ ਦੇ ਲੋਕਾਂ ਦੀ, ਸਗੋਂ ਕੁੱਲ ਸੰਸਾਰ ਦੀ ਹੈ। ਹਰ ਪ੍ਰਾਈਵੇਟ ਅਦਾਰਾ ਵਰਕਰਾਂ ਦੀ ਛਿੱਲ ਲਾਹੁਦਾ ਹੈ। ਪੰਦਰਾਂ ਪੰਦਰਾਂ ਸਾਲਾਂ ਤੋਂ ਨਿਗੂਣੀ ਤਨਖਾਹ ਉੱਤੇ ਰੱਖ ਕੇ ਬਿਨਾਂ ਨੋਟਿਸ ਤੋਂ ਕੱਢ ਦਿੰਦਾ ਹੈ। ਇਸੇ ਲਈ ਮੋਦੀ ਟਾਹਰਾਂ ਮਾਰ ਮਾਰ ਕਹਿੰਦਾ ਹੈ ਕਿ ਆਜੋ* ਵਿਦੇਸ਼ੀ ਨਿਵੇਸ਼ਕੋ** ਸਾਡੇ ਦੇਸ਼ ਆ ਕੇ ਪੈਸਾ ਲਾਵੋ* ਐਥੋਂ ਮਜ਼ਦੂਰੀ ਸਸਤੀ ਹੈ ** ਸਰਕਾਰ ਕਾਨੂੰਨ ਵੀ ਉਹਨਾਂ ਦੇ ਹੱਕ ਵਿਚ ਬਣਾਉਂਦੀ ਹੈ। ਉਹਨਾਂ ਉੱਤੇ ਕੋਈ ਸ਼ਰਤ ਨਹੀਂ ਲਾਈ ਜਾਂਦੀ। ਬਾਹਰਲੇ ਦੇਸ਼ਾਂ ਦੀਆਂ ਕੰਪਨੀਆਂ ਦਾ ਵੀ ਇਹੋ ਹਾਲ ਹੈ। ਐਗਰੀਮੈਂਟ ਹੋਰ ਕਰਦੇ ਹਨ। ਅਮਲ ਇਹ ਕੁੱਝ ਹੋਰ



ਕਰਦੇ ਹਨ। ਐਗਰੀਮੈਂਟ ਕਰਨਗੇ ਚਾਲੀ ਘੰਟੇ ਕੰਮ ਕਰਵਾਉਣ ਦੇ। ਦੇਣਗੇ ਰੋ ਪਿੱਟ ਕੇ ਮਸਾਂ ਵੀਹ ਘੰਟੇ। ਸ਼ਰਤ ਹੋਵੇਗੀ ਕਿ ਵਰਕਰ ਕਿਸੇ ਹੋਰ ਕੰਪਨੀ ਵਿਚ ਕੰਮ ਨਹੀਂ ਕਰ ਸਕਣਗੇ। ਕਿਉਂਕਿ ਕੰਪਨੀ ਵਰਕਰ ਨੂੰ ਚੌਵੀ ਘੰਟਿਆਂ ਵਿਚ ਲੋੜ ਪੈਣ ਤੇ ਕਦੇ ਵੀ ਬੁਲਾ ਸਕਦੀ ਹੈ। ਇਸੇ ਲਈ ਇਹ ਪੰਜਾਬ ਤੋਂ ਉੱਠਿਆ ਕਿਸਾਨੀ ਸੰਘਰਸ਼ ਹਰਿਆਣਾ ਤੋਂ ਹੁੰਦਾ ਹੋਇਆ ਯੂ.ਪੀ., ਮਹਾਰਾਸ਼ਟਰ, ਉਤਰਾਖੰਡ, ਮੱਧ ਪ੍ਰਦੇਸ਼, ਰਾਜਸਥਾਨ, ਝਾਰਖੰਡ ਆਦਿ ਸੂਬਿਆਂ ਵਿਚ ਫੈਲ ਰਿਹਾ ਹੈ। ਅਤੇ ਅੱਗੋਂ ਇਸ ਦਾ ਅਸਰ ਸੰਸਾਰ ਪੱਧਰ ਉੱਤੇ ਉਦਾਰੀਕਰਨ, ਸੰਸਾਰੀਕਰਣ, ਖੁੱਲ੍ਹੀ ਮੰਡੀ, ਸੰਸਾਰ ਵਪਾਰ ਸੰਗਠਨ, ਕੌਮਾਂਤਰੀ ਮੁਦਰਾ ਕੋਸ਼, ਸੰਸਾਰ ਬੈਂਕ ਵਿਰੁੱਧ ਲੋਕਾਂ ਨੇ ਲਾਮਬੰਦ ਹੋਣਾ ਸੁਰੂ ਹੋ ਜਾਣਾ ਹੈ। ਕਾਰਲ ਮਾਰਕਸ ਦੀ ਕਹੀ ਗੱਲ ਕਿ "ਦੁਨਿਆਂ ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ" ਸੱਚ ਸਾਬਤ ਹੋ ਜਾਣ ਵੱਲ ਵਧਣ ਲੱਗੀ ਹੈ। ਪਰ ਕਾਰਲ ਮਾਰਕਸ ਦੀ ਕਹੀ ਇਸ ਗੱਲ ਨੂੰ ਸੱਚ ਸਾਬਤ ਕਰਨ ਲਈ ਲੰਮੇ, ਅਕਾਊ ਅਤੇ ਥਕਾਊ ਸੰਘਰਸ਼ ਵੀਡਣੇ ਪੈਣੇ ਹਨ। ਜਿਵੇਂ ਸੱਠਵਿਆਂ ਵਿਚ ਕਿਊਬਾ ਵਿਚ ਫੀਦਲ ਕਾਸਟਰੋ ਅਤੇ ਸੰਸਾਰ ਪ੍ਰਸਿੱਧ ਗੁਰੀਲਾ ਚੀ ਗਵੇਰਾ ਦੀ ਅਗਵਾਈ ਵਿਚ ਹੋਇਆ ਸੀ। ਉਹਨਾਂ ਸਰਕਾਰ ਬਣਾਉਂਦੇ ਸਾਰ ਅਮਰੀਕਾ ਦੀਆਂ ਖੰਡ ਦੀਆਂ ਕੰਪਨੀਆਂ ਦਾ ਕੌਮੀਕਰਨ ਕੀਤਾ। ਅਮਰੀਕਾ ਮਹਾਂ ਸ਼ਕਤੀ ਨੱਬੇ ਕਿਲੋਮੀਟਰ ਦੇ ਫ਼ਾਸਲੇ ਉੱਤੇ ਕਿਊਬਾ ਦਾ ਵਾਲ ਵਿੰਗਾ ਨਹੀਂ ਕਰ ਸਕੀ। ਫੀਦਲ ਕਾਸਤਰੋ ਸਦਾ ਅਮਰੀਕਾ ਦੇ ਰਾਸ਼ਟਰਪਤੀ ਦੀ ਅੱਖ ਵਿਚ ਅੱਖ ਪਾ ਕੇ ਵੇਖਦਾ ਰਿਹਾ ਤੇ ਅੱਖਾਂ ਵਿਚ ਰੜਕਦਾ ਰਿਹਾ।

ਠੀਕ 26 ਜਨਵਰੀ ਨੂੰ ਸਰਕਾਰ ਨੇ ਆਪਣੇ ਗੁਮਾਸ਼ਤਿਆਂ ਰਾਹੀਂ ਲਾਲ ਕਿਲੇ ਦੀ ਵਾਰਦਾਤ ਕਰਵਾਈ। ਸਰਕਾਰ ਦੀ ਪੁਲਿਸ ਆਪ ਹੀ ਕਹਿੰਦੀ ਰਹੀ ਸੀ ਕਿ ਕਿਸਾਨ ਅੰਦੋਲਨ ਵਿਚ ਖ਼ਾਲਿਸਤਾਨੀ ਘੁਸਪੈਠ ਕਰ ਗਏ ਹਨ। ਉਹ ਸੱਚ ਬੋਲਦੇ ਸਨ। ਕਿਉਂਕਿ ਉਹਨਾਂ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਆਪ ਹੀ ਤਾਂ ਸ਼ਾਜਿਸ ਰਚੀ ਸੀ।

ਪਰ ਇਹਨਾਂ ਸਾਜਿਸ਼ਾਂ ਨਾਲ ਸਰਕਾਰ ਕਿਸਾਨ ਅੰਦੋਲਨ ਦਾ ਵਾਲ ਵਿੰਗਾ ਨਹੀਂ ਕਰ ਸਕੀ। ਇੱਕ ਵਾਰ ਤਾਂ ਕਿਸਾਨ ਅੰਦੋਲਨ ਦੇ ਹਿਤੈਸ਼ੀਆਂ ਦਾ ਦਿਲ ਧੜਕਣ ਲੱਗ ਗਿਆ ਸੀ। ਰਾਕੇਸ਼ ਟਿਕੈਤ ਦੇ ਹੰਝੂਆਂ ਅਤੇ ਕਿਸਾਨ ਸੰਘਰਸ਼ ਦੇ ਆਗੂਆਂ ਦੀ ਸੂਝ ਅਤੇ ਸਾਬਤ ਕਦਮੀ ਨੇ ਕਿਸਾਨ ਸੰਘਰਸ਼ ਨੂੰ ਮੁੜ ਲੀਹ ਉੱਤੇ ਲੈ ਆਂਦਾ ਹੈ।ਕਵੀ ਰੰਜੀਵਨ ਸਿੰਘ ਨੇ ਰਾਕੇਸ਼ ਟਿਕੈਤ ਦੇ ਹੰਝੂਆਂ ਦੀ ਵਿਆਖਿਆ ਆਪਣੀ ਕਵਿਤਾ 'ਹੰਝੂ ਤੇਰੇ' ਰਾਹੀਂ ਜਿਵੇਂ ਕੀਤੀ ਹੈ ਉਹ ਦੇਖਣ ਵਾਲੀ ਹੈ:-

ਨਾ ਸਮਝੇ ਹਾਕਮ ਕੰਮਜ਼ੋਰੀ ਤੇਰੇ ਹੰਝੂਆਂ ਨੂੰ ਵਹਿ ਜਾਣਗੇ ਵਿਚ ਹੰਝੂਆਂ ਦੇ ਹਾਕਮ ਦੇ ਨਾਪਾਕ ਇਰਾਦੇ ਕੰਬ ਜਾਣਗੇ ਦਿਲੀ ਦੇ ਤਖ਼ਤ ਹਿਲ ਜਾਣਗੇ ਸੱਤਾ ਦੇ ਪਾਵੇ ਨਿਰਸੰਦੇਹ 26 ਜਨਵਰੀ ਦੀ ਲਾਲ ਕਿਲੇ ਦੀਆਂ ਘਟਨਾ ਤੋਂ ਬੜਾ ਕੁੱਝ ਸਿਖਣ ਨੂੰ ਮਿਲਿਆ।ਸੰਘਰਸ਼ਾਂ ਵਿਚ ਨਾਲ ਵਿਚਰਦੇ ਲੋਕ ਕਿਵੇਂ ਬੇਸ਼ਰਮੀ ਨਾਲ ਗੱਦਾਰੀ ਕਰਦੇ ਹਨ। ਇਹ ਸਾਨੂੰ ਇਤਿਹਾਸ ਤੋਂ ਪਤਾ ਲਗਦਾ ਹੈ। ਕਰਤਾਰ ਸਿੰਘ ਸਰਾਭਾ ਦੀ ਅਗਵਾਈ ਵਿਚ ਅੰਗ੍ਰੇਜ਼ਾਂ ਦੀਆਂ ਫ਼ੌਜਾਂ ਵਿਚ ਬਗ਼ਾਵਤ ਕਰਨ ਦੀ ਕਾਰਵਾਈ ਕਿਵੇਂ ਕ੍ਰਿਪਾਲ ਸਿੰਘ ਨੇ ਗੱਦਾਰੀ ਕਰਕੇ ਫੇਲ ਕਰਵਾ ਦਿੱਤੀ ਸੀ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਕਿਵੇਂ ਧਿਆਨ ਸਿੰਘ ਡੋਗਰਾ ਅਤੇ ਲਾਲ ਸਿੰਘ ਨੇ ਗੱਦਾਰੀ ਕਰਕੇ ਫ਼ੌਜਾਂ ਨੂੰ ਬਾਰੂਦ ਦੀ ਥਾਂ ਸਰੋਂ ਭੇਜ ਕੇ ਕਿਵੇਂ ਮਹਾਰਾਣੀ ਜਿੰਦਾਂ ਨੂੰ ਹਰਾ ਦਿੱਤਾ ਸੀ।

ਜਦੋਂ ਸੰਘਰਸ਼ ਲੰਮਾ ਹੁੰਦਾ ਹੈ ਤਾਂ ਕਿਵੇਂ ਨਾਲ ਦੇ ਸਾਥੀ ਹੌਂਸਲਾ ਛੱਡ ਜਾਂਦੇ ਹਨ। ਜਿਵੇਂ ਚਾਲੀ ਮੁਕਤੇ ਆਨੰਦਪੁਰ ਸਾਹਿਬ ਦੇ ਘੇਰੇ ਤੋਂ ਤੰਗ ਆ ਕੇ ਗੁਰੂ ਗੋਬਿੰਦ ਸਿੰਘ ਨੂੰ ਬੇਦਾਅਵਾ ਦੇ ਆਏ ਸਨ। ਮਾਈ ਭਾਗੋ ਦੇ ਵੰਗਾਰਨ ਮਗਰੋਂ ਚਾਲੀ ਮੁਕਤੇ ਮੁੜ ਮੁਕਤਸਰ ਵਿਚ ਸ਼ਹੀਦੀਆਂ ਪਾ ਗਏ ਸਨ। ਅੱਜ ਵੀ ਸੁਆਣੀਆਂ ਨੇ ਮੂਹਰੇ ਹੋ ਕੇ ਲੜਨ ਨਾਲ ਕਿਸਾਨ ਸੰਘਰਸ਼ ਵਿਚ ਨਵੀਂ ਜਾਨ ਪਾ ਦਿੱਤੀ ਹੈ।

ਇੱਕ ਗੱਲ ਦੀ ਮੈਨੂੰ ਸਮਝ ਨਹੀਂ ਪੈ ਰਹੀ। ਜਦੋਂ ਕਈ ਕਹਿੰਦੇ ਹਨ ਕਿ ਕਿਸਾਨ ਸੰਘਰਸ਼ ਵਿਚ ਸਿਆਸਤ ਦਾਖ਼ਿਲ ਹੋ ਗਈ ਹੈ। ਸਿਆਸਤ ਤਾਂ ਹਰ ਇੱਕ ਗੱਲ ਵਿਚ ਹੁੰਦੀ ਹੈ। ਕਿਸਾਨ ਸੰਘਰਸ਼ ਆਪਣੇ ਆਪ ਵਿਚ ਇੱਕ ਸਿਆਸੀ ਮਸਲਾ ਹੈ। ਖੇਤੀ ਕਾਨੂੰਨ, ਸਿੱਖਿਆ ਨੀਤੀ, ਸਿਹਤ ਨੀਤੀ, ਰੇਲਵੇ ਦਾ ਨਿੱਜੀਕਰਨ, ਸ਼ਾਮਲਾਤ ਜ਼ਮੀਨਾਂ ਕੰਪਨੀਆਂ ਨੂੰ ਵੇਚਣ, ਏਅਰ ਇੰਡੀਆ ਦਾ ਨਿੱਜੀਕਰਨ, ਵਿਦੇਸ਼ੀ ਅਤੇ ਦੇਸੀ ਨਿਵੇਸ਼ ਨੂੰ ਕੌਡੀਆਂ ਦੇ ਭਾਅ ਸਰਕਾਰੀ ਜਾਇਦਾਦਾਂ ਵੇਚਣਾ। ਇਹ ਸੱਭ ਸਿਆਸੀ ਗੱਲਾਂ ਹਨ। ਜਦੋਂ ਸਰਕਾਰ ਕਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਵੱਲ ਧਿਆਨ ਦੇਣਾ ਚਾਹੀਦਾ ਹੈ, ਸਿਆਸਤ ਵੱਲ ਨਹੀਂ ਜਾਣਾ ਚਾਹੀਦਾ। ਇਹ ਗੱਲ ਕਹਿਣਾ ਵੀ ਇੱਕ ਸਿਆਸਤ ਹੈ। ਰਮਾਇਣ, ਮਹਾਂਭਾਰਤ ਸਿਆਸਤ ਨਾਲ ਭਰੀਆਂ ਪਈਆਂ ਹਨ। ਰਮਾਇਣ ਵਿਚ ਕੇਕਈ ਨੇ ਆਪਣੇ ਬੇਟੇ ਭਰਤ ਲਈ ਰਾਜ ਭਾਗ ਮੰਗਿਆ। ਮਹਾਂਭਾਰਤ ਵਿਚ ਦਰਯੋਧਨ ਪਾਂਡੋਆ ਨੂੰ ਸੂਈ ਦੇ ਨਿੱਕੇ ਜਿੰਨੀ ਧਰਤੀ ਦੇਣ ਨੂੰ ਤਿਆਰ ਨਹੀਂ ਸੀ। ਬਾਈਧਾਰ ਦੇ ਪਹਾੜੀ ਰਾਜਿਆਂ ਵੱਲੋਂ ਆਟੇ ਦੀ ਗਊ ਦੀ ਸਹੁੰ ਖਾ ਕੇ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਦਾ ਕਿਲਾ ਛੁਡਵਾਉਣਾ ਅਤੇ ਕਹਿਣਾ ਕਿ ਉਹ ਪਿਛੋਂ ਹਮਲਾ ਨਹੀਂ ਕਰਨਗੇ। ਪਰ ਮਗਰੋਂ ਹਮਲਾ ਕਰਕੇ ਕਿਵੇਂ ਗੁਰੂ ਗੋਬਿੰਦ ਸਿੰਘ ਨਾਲ ਵਿਸ਼ਵਾਸ਼ਘਾਤ ਕੀਤਾ।

ਅੱਜ ਵੀ ਸਾਡੇ ਦੇਸ ਵਿਚ ਸੰਘਰਸ਼ ਕਰ ਰਹੇ ਲੋਕਾਂ ਵੱਲ ਇਹੋ ਰਵੱਈਆ ਹੈ। ਸਰਕਾਰ ਦੇ ਕਰਤੇ ਧਰਤੇ ਬਿਲਕੁਲ ਵੀ ਸੰਵੇਦਨਸ਼ੀਲ ਨਹੀਂ ਹਨ। ਉਹਨਾਂ ਦਾ ਰਵੱਈਆ ਮੱਕਾਰੀ ਭਰਿਆ ਅਤੇ ਖ਼ਤਰਨਾਕ ਹੈ। ਗ਼ਾਜੀਪੁਰ, ਸਿੰਘੂ, ਟੀਕਰੀ ਆਦਿ ਬਾਰਡਰਾਂ ਉੱਤੇ ਜਿਵੇਂ ਕਿੱਲਾਂ, ਕੰਢਿਆਲੀ ਤਾਰਾਂ, ਕੰਧਾਂ, ਖਾਈਆ ਪੁਟੀਆਂ ਗਈਆਂ ਸਨ। ਲਗਦਾ ਹੈ ਕਿ ਇਹ ਮਿਥਿਹਾਸ ਦੇ ਰਾਖ਼ਸ਼ਾਂ ਦੇ ਕਾਰਨਾਮਿਆਂ ਨੂੰ ਮਾਤ ਪਾ ਰਹੇ ਹਨ। ਜਿਵੇਂ ਦੇਵਤਿਆਂ ਵੱਲੋਂ ਕੀਤੇ ਜਾਂਦੇ ਹਵਨਕੁੰਡਾਂ ਵਿਚ ਰਾਖ਼ਸ਼ਸ਼ ਹੱਡੀਆਂ ਸੁੱਟ ਜਾਂਦੇ ਹਨ। ਦੇਵਤਿਆਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ। ਪਰ ਅਖ਼ੀਰ ਜਿੱਤਦੇ ਦੇਵਤੇ ਹੀ ਸਨ। ਜਦੋਂ ਕਿਸੇ ਸੱਚੇ ਅਤੇ ਸ਼ਰੀਫ਼ ਬੰਦੇ ਨੂੰ ਗੁੱਸਾ ਆ ਜਾਵੇ ਤਾਂ ਬਦਮਾਸ਼ਾਂ ਨੂੰ ਨੱਠਦਿਆਂ ਨੂੰ ਰਾਹ ਨਹੀਂ ਲੱਭਦਾ। ਇਸੇ ਤਰ੍ਹਾਂ ਕਿਸਾਨ ਸੰਘਰਸ਼ ਨੇ ਜਿੱਤਨਾ ਹੈ। ਕਿਉਂਕਿ ਸੱਚ ਉਹਨਾਂ ਵੱਲ ਹੈ। ਸੁਹਿਰੱਦਤਾ ਉਹਨਾਂ ਵੱਲ ਹੈ। ਕਿਸਾਨ ਲੀਡਰਸ਼ਿਪ ਸਾਊ, ਨੇਕ ਅਤੇ ਸਿਆਣੀ ਹੈ।

ਕਾਲੇ ਤਿੰਨੇ ਕਾਨੂੰ ਵਾਪਿਸ ਹੋਣ ਚਾਹੇ ਨਾ ਹੋਣ, ਪਰ ਕਿਸਾਨ ਸੰਘਰਸ਼ ਨੇ ਆਮ ਲੋਕਾਂ ਨੂੰ ਕਾਰ-ਪੋਰੇਟ ਸੈਕਟਰ, ਸੰਸਾਰੀਕਰਣ ਅਤੇ ਅਡਾਨੀ-ਅੰਬਾਨੀ ਦੀ ਲੁੱਟ ਵਿਰੁੱਧ ਸੇਧਿਤ ਕਰ ਦਿਤਾ ਹੈ। ਕਿਸਾਨ ਸੰਘਰਸ਼ ਦੀਆਂ ਜੜ੍ਹਾਂ ਹੁਣ ਧਰਤੀ ਵਿਚ ਡੂੰਘੀਆਂ ਲਹਿ ਗਈਆ ਹਨ।

ਰਿਪੁਦਮਨ ਸਿੰਘ ਰੂਪ<br>
9876768960

## ਪ੍ਰਤਾਪ ਸਿੰਘ ਬਾਜਵਾ ਦੇ ਦਖਲ ਨਾਲ ਰਣਜੀਤ ਕੌਰ ਓਮਾਨ ਤੋਂ ਪਰਤੀ

ਕਾਹਨੂੰਵਾਨ, 10 ਮਈ (ਪੋਸਟ ਬਿਊਰੋ)- ਓਮਾਨ ਵਿੱਚ ਫਸੀ ਹੋਈ ਰਣਜੀਤ ਕੌਰ ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਉਦਮ ਸਦਕਾ ਵਾਪਸ ਆਪਣੇ ਘਰ ਪਹੁੰਚ ਗਈ ਹੈ।


ਮਿਲੀ ਜਾਣਕਾਰੀ ਅਨੁਸਾਰ ਰਣਜੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਪਿੰਡ ਕਿਸ਼ਨਪੁਰ ਬਲਾਕ ਕਾਹਨੂੰਵਾਨ ਰੁਜ਼ਗਾਰ ਦੀ ਭਾਲ ਵਿੱਚ ਮਾਰਚ ਵਿੱਚ ਖਾੜੀ ਦੇਸ਼ ਓਮਾਨ ਗਈ ਸੀ। ਉਸ ਉੱਤੇ ਮਕਾਨ ਮਾਲਕ ਤੇ ਨੌਕਰੀ ਦੇਣ ਵਾਲੀ ਕੰਪਨੀ ਵੱਲੋਂ ਢਾਹੇ ਗਏ ਤਸ਼ੱਦਦ ਦੀ ਖਬਰ ਮੀਡੀਆ ਵਿੱਚ ਆਉਣ ਪਿੱਛੋਂ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਨਿੱਜੀ ਯਤਨਾਂ ਨਾਲ ਉਸ ਦੀ ਘਰ ਵਾਪਸੀ ਸੰਭਵ ਹੋਈ ਹੈ। ਰਣਜੀਤ ਕੌਰ ਨੇ ਦੱਸਿਆ ਕਿ ਉਸ ਨੇ ਮਾਰਚ 2021 ਵਿੱਚ ਬਿਆਸ ਦੀ ਇੱਕ ਮਹਿਲਾ ਏਜੰਟ ਨੂੰ ਨੌਕਰੀ ਲਈ ਸਿੰਗਾਪੁਰ ਜਾਣ ਵਾਸਤੇ ਪੰਜਾਹ ਹਜ਼ਾਰ ਰੁਪਏ ਤੋਂ ਵੱਧ ਦਿੱਤੇ ਸਨ, ਪਰ ਏਜੰਟ ਨੇ ਉਸ ਨੂੰ ਸਿੰਗਾਪੁਰ ਦੀ ਥਾਂ ਖਾੜੀ ਦੇਸ਼ ਓਮਾਨ ਪਹੁੰਚਾ ਦਿੱਤਾ। ਓਥੇ ਉਸ ਨੂੰ ਜ਼ਬਰਦਸਤੀ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਭੇਜਿਆ ਗਿਆ। ਜਦੋਂ ਉਸ ਨੇ ਮਨ੍ਹਾ ਕੀਤਾ ਤਾਂ ਉਸ ਦੀ ਕੁੱਟਮਾਰ ਕੀਤੀ ਗਈ। ਇਸ ਦੌਰਾਨ ਉਸ ਦੇ ਪੌੜੀਆਂ ਤੋਂ ਡਿੱਗ ਕੇ ਗੰਭੀਰ ਸੱਟ ਵੀ ਲੱਗੀ, ਪਰ ਮਕਾਨ ਮਾਲਕਾਂ ਨੇ ਇਲਾਜ ਕਰਾਉਣ ਦੀ ਥਾਂ ਉਸ ਨੂੰ ਭੁੱਖੀ ਰੱਖਿਆਤੇ ਕੁੱਟਮਾਰ ਕੀਤੀ। ਕਿਸੇ ਤਰ੍ਹਾਂ ਉਸ ਨੇ ਇਹ ਸੂਚਨਾ ਆਪਣੇ ਘਰ ਵਾਲੇ ਨੂੰ ਦਿੱਤੀ, ਜਿਸ ਉਪਰੰਤ ਕੁਹਾਨੂੰਵਾਨ ਦੇ ਸਰਪੰਚ ਆਫਤਾਬ ਸਿੰਘ ਰਾਹੀਂ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਰਣਜੀਤ ਕੌਰ ਦੀ ਬੰਦ ਖਲਾਸੀ ਲਈ ਓਮਾਨ ਵਿੱਚ ਭਾਰਤੀ ਅੰਬੈਸੀ ਨਾਲ ਸੰਪਰਕ ਕੀਤਾ ਅਤੇ ਉਹ ਆਪਣੇ ਘਰ ਵਾਪਸ ਆ ਸਕੀ ਹੈ।

## ਬਾਬਾ ਰਾਮਦੇਵ ਉੱਤੇ ਕੋਰੋਨਾ ਦੀ ਮਹਾਮਾਰੀ ਦੌਰਾਨ ਗ਼ਲਤ ਧਾਰਨਾਵਾਂ ਪੈਦਾ ਕਰਨ ਦਾ ਦੋਸ਼

* ਡਾ. ਦਾਹੀਆ ਨੇ ਸ਼ਿਕਾਇਤ ਕਰ ਕੇ ਕਾਰਵਾਈ ਦੀ ਮੰਗ ਕੀਤੀ

ਜਲੰਧਰ, 10 ਮਈ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਬਾਰੇ ਲੋਕਾਂ ਵਿੱਚ ਗ਼ਲਤ ਧਾਰਨਾ ਪੈਦਾ ਕਰਨ ਅਤੇ ਡਾਕਟਰੀ ਇਲਾਜ ਬਾਰੇ ਗ਼ਲਤ ਪ੍ਰੋਪੇਗੰਡਾ ਕਰਨ ਦੇ ਦੋਸ਼ ਲਾ ਕੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਰਾਸ਼ਟਰੀ ਮੀਤ ਪ੍ਰਧਾਨ ਡਾ. ਨਵਜੋਤ ਸਿੰਘ ਦਾਹੀਆ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਦੇ ਕੇ ਬਾਬਾ ਰਾਮਦੇਵ ਅਤੇ ਪਤੰਜਲੀ ਯੋਗ ਪੀਠ ਦੇ ਸੀ ਈ ਓ ਅਚਾਰੀਆ ਬਾਲ ਕ੍ਰਿਸ਼ਨ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਇਸ ਬਾਰੇ ਡਾ.ਦਾਹੀਆ ਨੇ ਜਲੰਧਰ ਵਿੱਚ ਡੀ ਸੀ ਪੀ (ਡਿਪਟੀ ਕਮਿਸ਼ਨਰ ਪੁਲਸ) ਗੁਰਮੀਤ ਸਿੰਘ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਸਰਕਾਰ ਕਰੋੜਾਂ ਰੁਪਏ ਖ਼ਰਚ ਕਰਕੇ ਇਸ ਬਿਮਾਰੀਨੂੰ ਕੰਟਰੋਲ ਕਰਨ ਲਈ ਦਵਾਈਆਂ



ਤਿਆਰ ਕਰਵਾ ਰਹੀ ਹੈ ਅਤੇ ਆਮ ਜਨਤਾ ਨੂੰ ਟੀਕਾਕਰਨ ਦੀ ਤਿਆਰੀ ਸ਼ੁਰੂ ਕੀਤੀ ਹੈ, ਇਸਦੇ ਉਲਟ ਬਾਬਾ ਰਾਮਦੇਵ ਅਤੇ ਉਸ ਦੇ ਸਾਥੀ, ਜੋ ਪਤੰਜਲੀ ਯੋਗ ਪੀਠ ਅਤੇ ਏਦਾਂ ਦੇ ਮਿਲਦੇ ਜੁਲਦੇ ਨਾਵਾਂ ਤਹਿਤ ਕੁਝ ਦਵਾਈਆਂ ਬਣਾਉਣ ਦੇ ਦਾਅਵੇ ਕਰਦੇ ਹਨ, ਕਹਿ ਰਹੇ ਹਨ ਕਿ ਉਨ੍ਹਾਂ ਨੇ ਅਜਿਹੀਆਂ ਦਵਾਈਆਂ ਦੀ ਖੋਜ ਕੀਤੀ ਹੈ, ਜਿਨ੍ਹਾਂ ਨਾਲ ਕੋਰੋਨਾ ਨਹੀਂ ਹੁੰਦਾ ਅਤੇ ਜੇ ਹੋ ਵੀ ਜਾਵੇ ਤਾਂ ਠੀਕ ਹੋ ਜਾਂਦਾ ਹੈ। ਉਨ੍ਹਾ ਦਾਅਵਾ ਕੀਤਾ ਕਿ ਰਾਮਦੇਵ ਨੇ ਕਈ ਵੀਡੀਓ ਵਾਇਰਲ ਕਰਕੇ ਕਿਹਾ ਹੈ ਕਿ ਮਰੀਜ਼ ਨੂੰ ਹਸਪਤਾਲ ਜਾਣ ਦੀ ਲੋੜ ਨਹੀਂ ਹੈ, ਘਰੇ ਰਹਿ ਕੇ ਉਸ ਦੇ ਦੱਸੇ ਨੁਸਖੇ ਨਾਲ ਕੋਰੋਨਾ ਉੱਤੇ ਕਾਬੂ ਪਾ ਸਕਦੇ ਹਨ। ਇਹ ਵੀ ਕਿਹਾ ਗਿਆ ਹੈ ਕਿ ਮਰੀਜ਼ ਨੂੰ ਕਿਸੇ ਡਾਕਟਰੀ ਸਹੂਲਤ ਦੀ ਲੋੜ ਨਹੀਂ ਅਤੇ ਡਾਕਟਰੀ ਇਲਾਜ ਉੱਤੇ ਨਿਰ-ਆਧਾਰ ਕਿੰਤੂ-ਪ੍ਰੰਤੂ ਕੀਤਾ ਗਿਆ ਹੈ। ਇਸ ਨਾਲ ਡਾਕਟਰੀ ਕਿੱਤੇ ਨਾਲ ਜੁੜੇ ਲੋਕਾਂ ਦਾ ਮਨੋਬੱਲ ਟੁੱਟਦਾ ਹੈ। ਡਾ. ਦਾਹੀਆ ਨੇ ਕਿਹਾ ਕਿ ਬਾਬਾ ਰਾਮਦੇਵ ਸਰਕਾਰ ਦੀਆਂ ਹਿਦਾਇਤਾਂ ਦੀ ਵੀ ਉਲੰਘਣਾ ਕਰਦਾ ਹੈ, ਜਿਸ ਕਰਕੇ ਉਸ ਦੇ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

## ਜਾਅਲੀ ਵੀਜ਼ਾ ਫੜਾ ਕੇ ਨੌਜਵਾਨ ਨਾਲ 11 ਲੱਖ ਰੁਪਏ ਦੀ ਠੱਗੀ

ਆਦਮਪੁਰ, 10 ਮਈ (ਪੋਸਟ ਬਿਊਰੋ)- ਜਲੰਧਰ ਦੇ ਟਰੈਵਲ ਏਜੰਟ ਜੋੜੇ ਨੇ ਇੱਕ ਨੌਜਵਾਨ ਨੂੰ ਆਸਟਰੇਲੀਆ ਭੇਜਣ ਦੇ ਨਾਮ ਉੱਤੇਉਸ ਕੋਲੋਂ 11 ਲੱਖ ਰੁਪਏ ਠੱਗ ਲਏ। ਨੌਜਵਾਨ ਦੇ ਪਿਤਾ ਨੇ ਆਪਣੀ ਜ਼ਮੀਨ ਗਹਿਣੇ ਰੱਖ ਕੇ ਪੈਸੇ ਟਰੈਵਲ ਏਜੰਟ ਨੂੰ ਦੇ ਦਿੱਤੇ। ਬਦਲੇ ਵਿੱਚ ਉਸ ਨੌਜਵਾਨ ਨੂੰ ਜਾਅਲੀ ਵੀਜ਼ਾ ਦੇ ਦਿਤਾ ਗਿਆ। ਗੱਲ ਵਧੀ ਤਾਂ ਦੋਸ਼ੀਆਂ ਨੇ ਪੈਸੇ ਵੀ ਵਾਪਸ ਨਹੀਂ ਕੀਤੇ। ਜਦੋਂ ਇਸ ਦੀ ਸ਼ਿਕਾਇਤ ਪੁਲਸ ਨੂੰ ਕੀਤੀ ਤਾਂ ਬੱਸ ਅੱਡੇ ਨੇੜੇ ਅਰੋੜਾ ਪ੍ਰਾਈਮ ਟਾਵਰ ਵਿਖੇ ਹੇਮੂਨ (ਹਿਯਮੋਨ) ਟਰੈਵਲ ਵਾਲੇ ਦੋਸ਼ੀ ਜੋੜੇ ਦੇ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ ਹੈ।

ਹਰਿਆਣਾ ਦੇ ਕੈਥਲ ਵਿੱਚ ਪਟਿਆਲਾ ਰੋਡ ਚੀਕਾ ਦੇ ਵਾਸੂ ਜਸਪ੍ਰੀਤ ਸਿੰਘ ਪੱਤੜ ਨੇ ਦੱਸਿਆ ਕਿ ਉਹ ਵਿਦੇਸ਼ ਜਾਣਾ ਚਾਹੁੰਦਾ ਸੀ। ਇਸ ਲਈ ਉਹ ਸਤਨਾਮ ਸਿੰਘ ਨਿਵਾਸੀ 46, ਨਿਊ ਕਲਗੀਧਰ ਐਵੀਨਿਊ ਮਿੱਠਾਪੁਰ ਰੋਡ ਨੂੰ ਬੱਸ ਸਟੈਂਡ ਵਿਖੇ ਹੇਮੂਨ ਟਰੈਵਲਜ਼ ਵਿਖੇ ਮਿਲਿਆ।ਉਸਦੀ ਪਤਨੀ ਸਤਿੰਦਰ ਕੌਰ ਵੀ ਉਥੇ ਸੀ। ਉਸ ਨੇ ਕਿਹਾ ਕਿ ਉਸ ਨੂੰ ਟੂਰਿਸਟ ਵੀਜ਼ੇ ਉੱਤੇ ਆਸਟਰੇਲੀਆ ਭੇਜਿਆ ਜਾ ਸਕਦਾ ਹੈ। ਉਨ੍ਹਾਂ ਦਾ 9 ਲੱਖ ਲਈ ਸੌਦਾ ਤੈਅ ਹੋਇਆ ਸੀ। ਜਸਪ੍ਰੀਤ ਨੇ ਉਸ ਨੂੰ ਪਾਸਪੋਰਟ ਦਿੱਤਾ। ਕੁਝ ਦਿਨਾਂ ਬਾਅਦ ਉਸ ਨੇ ਕਿਹਾ ਕਿ ਉਹ 11 ਲੱਖ ਰੁਪਏ ਲੈ ਲਵੇਗਾ। ਸਹਿਮਤ ਹੋਣ ਤੋਂ ਬਾਅਦ ਉਸ ਨੇ ਪਹਿਲਾਂ 25 ਹਜ਼ਾਰ ਲੈ ਲਏ। ਇਸ ਤੋਂ ਬਾਅਦ ਉਸ ਨੇ ਕਿਹਾ ਕਿ ਉਸ ਦੇ ਖਾਤੇ ਵਿੱਚ 8 ਲੱਖ ਰੁਪਏ ਜਮ੍ਹਾਂ ਕਰਾਉਣ। ਉਸ ਦੇ ਪਿਤਾ ਨੇ ਬਾਈ ਕਿੱਲੇ ਗਿਰਵੀ ਰੱਖੇ ਅਤੇ ਖਾਤੇ ਵਿੱਚ ਪੈਸੇ ਜਮ੍ਹਾਂ ਕਰਵਾ ਕੇ ਉਸ ਨੂੰ ਬਿਆਨਾ ਭੇਜਿਆ। ਲੱਗਭਗ 20 ਦਿਨਾਂ ਬਾਅਦ ਉਸ ਨੇ ਵੀਜ਼ੇ ਦੀ ਇੱਕ ਕਾਪੀ ਵਟਸਐਪ ਉੱਤੇ ਭੇਜ ਦਿੱਤੀ। ਉਹ ਖਾਤੇ ਵਿੱਚੋਂ ਪੈਸੇ ਕੱਢਵਾ ਕੇ ਜਲੰਧਰ ਆਇਆ ਅਤੇ ਇਸ ਜੋੜੇ ਨੂੰ 11 ਲੱਖ ਰੁਪਏ ਦਿੱਤੇ ਤੇ ਉਸ ਨੇ ਆਸਟਰੇਲੀਆਈ ਡਾਲਰ ਨੂੰ ਦੋ ਲੱਖ ਰੁਪਏ ਵਿੱਚ ਖਰੀਦਿਆ। ਉਸ ਨੂੰ ਆਸਟਰੇਲੀਆ ਦੀ ਟਿਕਟ ਮਿਲੀ। ਜਦੋਂ ਉਹ ਮਿਥੇ ਦਿਨ ਦਿੱਲੀ ਏਅਰਪੋਰਟ ਪਹੁੰਚੇ ਤਾਂ ਏਅਰ ਲਾਈਨ ਦੇ ਲੋਕਾਂ ਨੇ ਉਸ ਨੂੰ ਜਾਅਲੀ ਵੀਜ਼ੇ ਕਾਰਨ ਉਡਾਣ ਵਿੱਚ ਚੜ੍ਹਨ ਤੋਂ ਰੋਕ ਦਿੱਤਾ।

## ਪਿੰਡ ਵਿੱਚ ਟਰਾਂਸਫਾਰਮਰ ਲਾਉਣ ਤੋਂ ਅਕਾਲੀ-ਕਾਂਗਰਸੀ ਭਿੜ ਗਏ

ਮੋਗਾ, 10 ਮਈ (ਪੋਸਟ ਬਿਊਰੋ)- ਮੋਗਾ ਜ਼ਿਲ੍ਹੇ ਦੇ ਥਾਣਾ ਫ਼ਤਿਹਗੜ੍ਹ ਪੰਜਤੂਰ ਦੇ ਪਿੰਡ 'ਖੰਭੇ' ਵਿਖੇ ਹਾਲਤ ਉਸ ਵੇਲੇ ਤਣਾਅਵਾਲੀ ਹੋ ਗਈ, ਜਦੋਂ ਪਿੰਡ ਦੀ ਇੱਕ ਥਾਂਟਰਾਂਸਫਾਰਮਰ ਲਾਉਣ ਦੇ ਮਾਮੂਲੀ ਝਗੜੇ ਪਿੱਛੋਂ ਪਿੰਡ ਦੇ ਅਕਾਲੀ ਤੇ ਕਾਂਗਰਸੀ ਆਗੂ ਆਪੋ ਵਿੱਚ ਭਿੜ ਪਏ ਅਤੇ ਫਿਰ ਗੋਲੀਆਂ ਵੀ ਚੱਲੀਆਂ ਹਨ।

ਪਿੰਡ ਦੀ ਮਹਿਲਾ ਆਗੂ ਅਤੇ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਮਨਦੀਪ ਕੌਰ ਖੰਭੇ ਨੇ ਦੋਸ਼ ਲਾਇਆ ਹੈ ਕਿ ਪਿੰਡ ਦੇ ਕਾਂਗਰਸੀ ਸਰਪੰਚ ਮਹਿਲ ਸਿੰਘ ਅਤੇ ਮਾਰਕੀਟ ਕਮੇਟੀ ਫ਼ਤਿਹਗੜ੍ਹ ਪੰਜਤੂਰ ਦੇ ਚੇਅਰਮੈਨ ਜਰਨੈਲ ਸਿੰਘ ਖੰਭੇ ਨੇ ਪਹਿਲਾਂ ਅਕਾਲੀ ਵਰਕਰਾਂ ਦੀ ਕੁੱਟ-ਮਾਰ ਕੀਤੀ ਅਤੇ ਇਸ ਮਗਰੋਂ ਸਾਡੇ ਘਰ ਆ ਕੇ ਗਲੀ-ਗਲੋਚ ਕਰਦਿਆਂ ਅੰਨ੍ਹੇਵਾਹ ਗੋਲੀ ਚਲਾਈ ਤਾਂ ਉਨ੍ਹਾਂ ਭੱਜ ਕੇ ਜਾਨ ਬਚਾਈ।ਉਨ੍ਹਾਂ ਕਿਹਕਿਇਹ ਸਾਰੀ ਘਟਨਾ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜੇ ਇਸ ਬਾਰੇ ਇਨਸਾਫ਼ ਨਾ ਮਿ-ਲਿਆ ਤਾਂ ਉਹ ਸਾਬਕਾ ਖ਼ੇਤੀਬਾੜੀ ਮੰਤਰੀ ਅਤੇ ਹਲਕਾ ਧਰਮਕੋਟ ਦੇ ਵਿਧਾਇਕ ਜਥੇਦਾਰ ਤੋਤਾ ਸਿੰਘ ਰਾਹੀਂ ਇਹ ਮੁੱਦਾਵੱਡੀ ਪੱਧਰ ਉੱਤੇ ਉਠਾਉਣਗੇ। ਅਕਾਲੀ ਦਲ ਦੇ ਸਰਕਲ ਪ੍ਰਧਾਨ ਭੋਲਾ ਸਿੰਘ ਨੇ ਵੀ ਕਾਂਗਰਸੀਆਂਦੀ ਧੱਕੇਸ਼ਾਹੀ ਦੀ ਨਿੰਦਾ ਕੀਤੀ ਹੈ। ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਰਾਜਿੰਦਰਾ ਹਸਪਤਾਲ ਦੇ ਕੋਵਿਡ ਵਾਰਡ ਦੀ ਕਮਾਂਡ ਫੌਜ ਨੇ ਸੰਭਾਲੀ



ਪਟਿਆਲਾ, 10 ਮਈ (ਪੋਸਟ ਬਿਊਰੋ)- ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿੱਚ ਦਾਖਲ ਕੋਰੋਨਾ ਮਰੀਜ਼ਾਂ ਦਾ ਇੱਕ ਮੁਕੰਮਲ ਵਾਰਡ ਅੱਜ ਮਿਲਟਰੀ ਦੇ ਹਵਾਲੇ ਕੀਤਾ ਜਾ ਰਿਹਾ ਹੈ। ਫੌਜ ਵੱਲੋਂ ਨਾ ਸਿਰਫ ਮਰੀਜ਼ਾਂ ਦੀ ਸੰਭਾਲ ਕੀਤੀ ਜਾਏਗੀ, ਬਲਕਿ ਇਸ ਵਾਰਡ ਦੇ ਮਰੀਜ਼ਾਂ ਦੀ ਮੁਕੰਮਲ ਜ਼ਿੰਮੇਵਾਰੀ ਫੌਜ ਦੀ ਰਹੇਗੀ। ਇਹ ਜ਼ਿੰਮੇਵਾਰੀ ਫੌਜ ਦੇ ਮੈਡੀਕਲ ਵਿੰਗ ਦੇ ਸੀਨੀਅਰ ਅਤੇ ਜੂਨੀਅਰ ਡਾਕਟਰਾਂ ਸਮੇਤ ਪੈਰਾ ਮੈਡੀਕਲ ਅਤੇ ਹੋਰ ਸਟਾਫ ਨਿਭਾਏਗਾ। ਇਸ ਸਟਾਫ ਦੀ ਸੌ ਮੈਂਬਰੀ ਟੀਮ ਇਹ ਜ਼ਿੰਮੇਵਾਰੀ ਸੰਭਾਲਣ ਲਈ ਇੱਕ ਦਿਨ ਪਹਿਲਾਂ ਪੁੱਜ ਗਈ ਸੀ।

ਜਾਣਕਾਰ ਸੂਤਰਾਂ ਮੁਤਾਬਕ ਹਸਪਤਾਲ ਵਿਚਲੇ ਸੁਪਰ ਸਪੈਸ਼ਲਿਟੀ ਬਲਾਕ ਦੀ ਸਾਰੀ ਦੂਸਰੀ ਮੰਜ਼ਿਲ ਮਿਲਟਰੀ ਦੇ ਮੈਡੀਕਲ ਵਿੰਗ ਕੋਲ ਰਹੇਗੀ। ਇਸ ਮੰਜ਼ਿਲ ਉੱਤੇ ਅੱਸੀ ਤੋਂ ਵੱਧ ਮਰੀਜ਼ ਹਨ। ਵਰਨਣ ਯੋਗ ਹੈ ਕਿ ਵਧੇਰੇ ਸਹੂਲਤਾਂ ਦੇ ਬਾਵਜੂਦ ਇੱਥੇ ਬਹੁਤ ਮੌਤਾਂ ਹੋ ਰਹੀਆਂ ਹਨ। ਇੱਕ ਦਿਨ ਵਿੱਚ ਰਿਕਾਰਡ 38 ਮੌਤਾਂ ਵੀ ਹੋ ਚੁੱਕੀਆਂ ਹਨ। ਕੱਲ੍ਹ 34 ਮੌਤਾਂ ਹੋਈਆਂ ਸਨ, ਜਿਸ ਕਾਰਨ ਇਹ ਹਸਪਤਾਲ ਸੁਰਖੀਆਂ ਵਿੱਚ ਹੈ। ਇਨ੍ਹਾਂ ਮੌਤਾਂ ਕਾਰਨ ਮਰੀਜ਼ਾਂ ਦਾ ਮਨੋਬਲ ਡੋਲਦਾ ਅਤੇ ਵਾਰਸ ਚਿੰਤਾ ਵਿੱਚ ਰਹਿੰਦੇ ਹਨ। ਪੀੜਤਾਂ ਨੇ ਕਈ ਕੇਸਾਂ ਵਿੱਚ ਮਰੀਜ਼ਾਂ ਦੀ ਠੀਕ ਦੇਖਭਾਲ ਨਾ ਹੋਣ ਦੇ ਦੋਸ਼ ਵੀ ਲਾਏ ਹਨ, ਪਰ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਮਰੀਜ਼ਾਂ ਨੂੰ ਦੇਰੀ ਨਾਲ ਲਿਆਉਣ ਕਾਰਨ ਮੌਤ ਦਰ ਵਧ ਰਹੀ ਹੈ।

ਇੱਥੇ ਪੰਜਾਬ ਸਮੇਤ ਕੁਝ ਹੋਰ ਰਾਜਾਂ ਤੋਂ ਵੀ ਮਰੀਜ਼ ਆਉਂਦੇ ਹਨ। ਇਸ ਹਸਪਤਾਲ ਵਿੱਚ 600 ਬੈਡ ਹਨ। ਢਾਈ ਸੌ ਬੈਡ ਹੋਰ ਵਧਾਏ ਜਾਣ ਦੀ ਆਸ ਹੈ। ਸਵਾ ਸਾਲ ਤੋਂ ਕੋਰੋਨਾ ਸਬੰਧੀ ਡਿਊਟੀਆਂ ਨਿਭਾ ਰਹੇ ਡਾਕਟਰਾਂ ਤੇ ਹੋਰ ਸਟਾਫ ਉੱਤੇ ਕੰਮ ਦਾ ਬਹੁਤ ਬੋਝ ਹੈ। ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਰੋਨਾ ਦੇ ਇਸ ਕਹਿਰ ਦੌਰਾਨ ਫੌਜ ਤੋਂ ਮਦਦ ਦੀ ਮੰਗ ਕੀਤੀ ਸੀ।ਕੋਵਿਡ ਵਾਰਡ ਦੀ ਇੰਚਾਰਜ ਸੁਰਭੀ ਮਲਿਕ (ਆਈ ਏ ਐਸ) ਨੇ ਇੱਕ ਵਾਰਡ ਫੌਜ ਦੇ ਹਵਾਲੇ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਮੈਡੀਕਲ ਸੁਪਰਡੈਂਟ ਡਾਕਟਰ ਐਚ ਐਸ ਰੇਖੀ ਨੇ ਆਖਿਆ ਕਿ ਫੌਜ ਦੀਆਂ ਸੇਵਾਵਾਂ ਲੈਣ ਨੂੰ ਸਟਾਫ ਦੀ ਘਾਟ ਨਾਲ ਜੋੜ ਕੇ ਨਹੀਂ ਵੇਖਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇੱਥੇ ਸਟਾਫ ਦੀ ਘਾਟ ਨਹੀਂ। ਉਨ੍ਹਾਂ ਦਾ ਕਹਿਣਾ ਸੀ ਕਿ ਲੋੜ ਪਈ ਤਾਂ ਸਰਕਾਰ ਤੋਂ ਹੋਰ ਸਟਾਫ ਭਰਤੀ ਕਰਨ ਦੀ ਪ੍ਰਵਾਨਗੀ ਲੈ ਲਈ ਜਾਵੇਗੀ।

## ਵਲੈਤ ਜਾ ਕੇ ਪਤੀ ਨੇ ਡਾਕਟਰ ਪਤਨੀ ਨੂੰ ਨਹੀਂ ਸੱਦਿਆ, ਫਾਰਚੂਨਰ ਤੇ ਪੰਜਾਹ ਲੱਖ ਰੁਪਏ ਮੰਗੇ

ਜਲੰਧਰ, 10 ਮਈ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਔਰਤਾਂ ਨੂੰ ਸਹੁਰਿਆਂ ਵੱਲੋਂ ਤੰਗ ਕਰਨ ਦੇ ਮਾਮਲੇ ਰੁਕਣ ਦਾ ਨਾਂਅ ਨਹੀਂ ਲੈ ਰਹੇ। ਅਜਿਹਾ ਇੱਕ ਮਾਮਲਾ ਜਲੰਧਰ ਦੀ ਮਹਿਲਾ ਡਾਕਟਰ ਨਾਲ ਹੋਇਆ। ਇਸ ਦੇ ਬਾਅਦ ਡਾਕਟਰ ਨੇ ਮਾਮਲੇ ਦੀ ਸ਼ਿਕਾਇਤ ਏ ਡੀ ਜੀ ਪੀ, ਐਨ ਆਰ ਆਈ ਵਿੰਗ ਨੂੰ ਕੀਤੀ। ਜਾਂਚ ਦੇ ਬਾਅਦ ਪੁਲਸ ਨੇ ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਗਵਾਲੀਅਰ ਦੇ ਵਿਜੈਨਗਰ ਚੇਤਕਪੁਰੀ ਦੇ ਵਾਸੀ ਅਤੇ ਇੰਗਲੈਂਡ ਵਿੱਚ ਪ੍ਰੈਕਟਿਸ ਕਰ ਰਹੇ ਦੋਸ਼ੀ ਪਤੀ ਡਾਕਟਰ ਸਵਪਨਦੀਪ ਅਟਵਾਲ ਅਤੇ ਉਸ ਦੀ ਮਾਂ ਯਸ਼ਪਾਲ ਅਟਵਾਲ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਪੁਲਸ ਜਾਂਚ ਦੇ ਅਨੁਸਾਰ ਮਾਡਲ ਟਾਊਨ ਦੀ ਵਾਸੀ ਡਾਕਟਰ ਅਮਨਪ੍ਰੀਤ ਦਾ ਰਿਸ਼ਤਾ ਅਖਬਾਰ ਦਾ ਇਸ਼ਤਿਹਾਰ ਦੇਖ ਕੇ ਸਵਰਨਦੀਪ ਅਟਵਾਲ ਨਾਲ ਹੋਇਆ ਸੀ। ਜਲੰਧਰ ਦੇ ਗੁਰਦੁਆਰਾ ਸਿੰਘ ਸਭਾ ਵਿੱਚ ਉਨ੍ਹਾਂ ਦਾ ਵਿਆਹ ਹੋਇਆ ਤਾਂ ਲੜਕੀ ਵਾਲਿਆਂ ਨੇ ਲੱਖਾਂ ਰੁਪਏ ਖਰਚ ਕੀਤੇ ਸਨ। ਦੋਵਾਂ ਦੇ ਵਿੱਚ ਸਮਝੌਤਾ ਹੋਇਆ ਸੀ ਕਿ ਸਵਪਨਦੀਪ ਜਲਦੀ ਹੀ ਇੰਗਲੈਂਡ ਚਲਾ ਜਾਏਗਾ ਅਤੇ ਲੜਕੀ ਨੂੰ ਉਥੇ ਬੁਲਾ ਲਵੇਗਾ। ਇੰਗਲੈਂਡ ਜਾ ਕੇ ਪ੍ਰੈਕਟਿਸ ਕਰਨ ਦੇ ਬਾਅਦ ਡਾਕਟਰ ਸਵਪਨਦੀਪ ਨੇ ਪਤਨੀ ਡਾਕਟਰ ਅਮਨਪ੍ਰੀਤ ਨੂੰ ਉਥੇ ਨਹੀਂ ਬੁਲਾਇਆ ਅਤੇ ਫਾਰਚੂਨਰ ਕਾਰ ਅਤੇ ਪੰਜਾਹ ਲੱਖ ਦੀ ਐਫ ਡੀ ਦੀ ਮੰਗ ਕਰ ਦਿੱਤੀ। ਇਸ ਦੌਰਾਨ ਗਵਾਲੀਅਰ ਵਿੱਚ ਸਹੁਰਿਆਂ ਨੇ ਪੀੜਤ ਲੜਕੀ ਨੂੰ ਕੁੱਟਮਾਰ ਕਰ ਕੇ ਘਰੋਂ ਕੱਢ ਦਿੱਤਾ। ਪੁਲਸ ਦੀ ਜਾਂਚ ਵਿੱਚ ਪਤਾ ਲੱਗਾ ਕਿ ਦੋਸ਼ੀ ਸਵਪਨਦੀਪ ਅਟਵਾਲ ਨੇ ਆਪਣੀ ਪਤਨੀ ਵਿਰੁੱਧ ਗਵਾਲੀਅਰ ਕੋਰਟ ਵਿੱਚ ਕੇਸ ਕੀਤਾ ਹੋਇਆ ਹੈ, ਜਿਸ ਦੀ ਸੁਣਵਾਈ ਜਾਰੀ ਹੈ। ਦੂਜੇ ਪਾਸੇ ਪੁਲਸ ਦੀ ਜਾਂਚ ਵਿੱਚ ਦੋਸ਼ੀ ਧਿਰ ਕੋਈ ਅਜਿਹਾ ਸਬੂਤ ਪੇਸ਼ ਨਹੀਂ ਕਰ ਸਕੀ, ਜਿਸ ਤੋਂ ਸਾਬਤ ਹੋ ਸਕੇ ਕਿ ਸਵਪਨਦੀਪ ਨੇ ਪੀੜਤਾ ਨੂੰ ਇੰਗਲੈਂਡ ਬੁਲਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਇਸ ਮਾਮਲੇ ਵਿੱਚ ਦੋਸ਼ੀ ਸੱਸ ਨੂੰ ਅਦਾਲਤ ਅਗਾਊਂ ਜ਼ਮਾਨਤ ਮਿਲ ਚੁੱਕੀ ਹੈ।

## ਬਹੁ ਕਰੋੜੀ ਜ਼ਮੀਨ ਦੇ ਮਾਲ ਰਿਕਾਰਡ ਵਿੱਚ ਹੇਰਾਫੇਰੀ ਦਾ ਪਰਦਾਫਾਸ਼

ਕੁਰਾਲੀ, 10 ਮਈ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਪੰਜਾਬ ਦੀ ਟੀਮ ਨੇ ਕੱਲ੍ਹ ਮੁਹਾਲੀ ਦੇ ਪਿੰਡ ਮਾਜਰੀਆਂ ਦੀ ਬਹੁਕਰੋੜੀ ਜ਼ਮੀਨ ਦੇ ਘਪਲੇ ਦਾ ਪਰਦਾ ਫਾਸ਼ ਕੀਤਾ ਹੈ। ਭੂ-ਮਾਫੀਆ ਵੱਲੋਂ ਮਾਲ ਅਫਸਰਾਂ ਦੀ ਮਿਲੀਭੁਗਤ ਨਾਲ ਮਾਲ ਰਿਕਾਰਡ ਵਿੱਚ ਹੇਰਾਫੇਰੀ ਕਰ ਕੇ ਜ਼ਮੀਨ ਉੱਤੇ ਕਾਬਜ਼ ਹੋਣ ਦੇ ਇਸ ਘਪਲੇ ਵਿੱਚ ਪੁਲਸ ਨੇ ਚਾਰ ਮਾਲ ਅਫਸਰਾਂ ਸਣੇ 11 ਜਣਿਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਨਾਮਜ਼ਦ ਕੀਤੇ ਲੋਕਾਂ ਵਿੱਚ ਨਾਇਬ ਤਹਿਸੀਲਦਾਰ ਵਰਿੰਦਰਪਾਲ




ਸਿੰਘ ਧੂਤ, ਜਾਇੰਟ ਸਬ ਰਜਿਸਟਰ-ਾਰ ਰੁਪਿੰਦਰ ਸਿੰਘ ਮਣਕੂ, ਮਾਲ ਪਟਵਾਰੀ ਦੌਲਤ ਰਾਮ ਅਤੇ ਇਕਬਾਲ ਸਿੰਘ, ਸ਼ਿਆਮ ਲਾਲ, ਹੰਸ ਰਾਜ, ਰੱਬੀ ਸਿੰਘ ਵਾਸੀਆਨ ਮੁਹਾਲੀ, ਧਰਮ ਪਾਲ ਵਾਸੀ ਅਮਲੋਹ, ਸੁੱਚਾ ਰਾਮ ਵਾਸੀ ਚੰਡੀਗੜ੍ਹ, ਪਰਮਜੀਤ ਸਿੰਘ ਵਾਸੀ ਪਟਿਆਲਾ, ਰਵਿੰਦਰ ਸਿੰਘ ਵਾਸੀ ਫਤਿਹਗੜ੍ਹ ਸਾਹਿਬ ਦੇ ਨਾਂਅ ਹਨ। ਰਵਿੰਦਰ ਸਿੰਘ, ਪਰਮਜੀਤ ਸਿੰਘ ਅਤੇ ਹੰਸਰਾਜ ਨੂੰ ਗ੍ਰਿਫਤਾਰ ਕਰ ਕੇ ਪੁਲਸ ਨੇ ਤਿੰਨ ਦਿਨਾਂ ਦਾ ਰਿਮਾਂਡ ਲਿਆ ਹੈ।

ਇਸ ਸੰਬੰਧ ਵਿੱਚ ਵਿਜੀਲੈਂਸ ਦੇ ਚੀਫ ਡਾਇਰੈਕਟਰ ਬੀ ਕੇ ਉਪਲ ਨੇ ਦੱਸਿਆ ਕਿ ਪ੍ਰਾਪਰਟੀ ਡੀਲਰਾਂ ਅਤੇ ਭੂ-ਮਾਫੀਆ ਨਾਲ ਜੁੜੇ ਲੋਕਾਂ ਨੇ ਪਿੰਡ ਮਾਜਰੀਆਂ ਜ਼ਿਲ੍ਹਾ ਮੁਹਾਲੀ ਦੀ ਜ਼ਮੀਨ ਤਕਸੀਮ ਦੇ ਇੰਤਕਾਲ ਮੌਕੇ ਮਾਲ ਅਫਸਰਾਂ ਨਾਲ ਮਿਲੀਭੁਗਤ ਰਾਹੀਂ ਮਾਲ ਰਿਕਾਰਡ ਵਿੱਚ ਹੇਰਾਫੇਰੀ ਕਰ ਕੇ ਖੇਵਟ ਨੰਬਰਾਂ ਵਿੱਚ ਮਾਲਕੀ ਬਦਲ ਦਿੱਤੀ ਸੀ। ਇਸ ਬਾਰੇ ਵਿਜੀਲੈਂਸ ਨੇ ਪਿੰਡ ਮਾਜਰੀਆਂ ਦੇ ਮਾਲ ਰਿਕਾਰਡ ਦੀ ਜਾਂਚ ਕਰ ਕੇ ਮੁਲਜ਼ਮਾਂ ਖਿਲਾਫ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਤਫਤੀਸ਼ ਜਾਰੀ ਹੈ ਅਤੇ ਮੁਲਜ਼ਮਾਂ ਨੂੰ ਕਿਸੇ ਵੀ ਕੀਮਤ ਉੱਤੇ ਬਖਸ਼ਿਆ ਨਹੀਂ ਜਾਵੇਗਾ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਡਰਾਈਵਰਾਂ ਦੀ ਲੋੜ

ਰੰਗੀ ਬ੍ਰਦਰ ਲੌਜਿਸਟਿਕਸ ਕੈਲੇਡਨ ਤੋਂ ਸਾਊਥ ਵੈਸਟ ਲੌਂਗਹੌਲ ਰਨ ਵਾਸਤੇ ਓਹਾਇਓ, ਜੌਰਜੀਆ ਲਈ ਡਰਾਈਵਰ ਹਾਇਰ ਕਰ ਰਹੇ ਹਨ।

*58 ਸੈਂਟ ਪ੍ਰਤੀ ਮਾਈਲ *ਆਟੋਮੈਟਿਕ ਟਰੱਕ *ਘੱਟ ਤੋਂ ਘੱਟ 1 ਸਾਲ ਦਾ ਤਜ਼ਰਬਾ

ਜ਼ਿਆਦਾ ਜਾਣਕਾਰੀ ਲਈ ਜਗਜੀਤ ਢੀਂਡਸਾ ਨਾਲ ਸੰਪਰਕ ਕਰੋ

647-960-7989

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

## ਬੰਗਾਲ ਦੀ ਮਹਿਲਾ ਕਾਰਕੁਨ ਨਾਲ ਹੋਈ ਬਦਸਲੂਕੀ ਬਾਰੇ ਕਿਸਾਨਾਂ ਦੇ ਮੋਰਚੇ ਦਾ ਰੁਖ ਸਖ਼ਤ



ਨਵੀਂ ਦਿੱਲੀ, 10 ਮਈ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਇੱਕ ਮਹਿਲਾ ਕਾਰਕੁਨ ਨਾਲ ਬਦਸਲੂਕੀ ਦੇ ਮਾਮਲੇ ਵਿੱਚ ਸੰਯੁਕਤ ਕਿਸਾਨ ਮੋਰਚੇ ਨੇ ਸਖਤ ਰੁਖ਼ ਅਪਣਾਇਆ ਅਤੇ ਪਰਵਾਰ ਨੂੰ ਹਰ ਮਦਦ ਦਾ ਭਰੋਸਾ ਦਿੱਤਾ ਹੈ।

ਕਿਸਾਨ ਮੋਰਚੇ ਵੱਲੋਂ ਕੱਲ੍ਹ ਮਨਾਏ ਮਾਂ-ਦਿਵਸ ਮੌਕੇ ਬੁਲਾਰਿਆਂ ਨੇ ਉਨ੍ਹਾਂ ਮਾਵਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਆਪਣੇ ਪੁੱਤਰਾਂ ਨੂੰ ਹੱਕ ਸੱਚ ਦੀ ਲੜਾਈ ਲਈ ਕਿਸਾਨੀ ਘੋਲ ਵਿੱਚ ਭੇਜਿਆ ਹੈ। ਕਿਸਾਨ ਆਗੂ ਅਭਿਮੰਨਿਊ ਕੋਹਾੜ ਨੇ ਕਿਹਾ, 'ਇਹ ਬੀਬੀ 12 ਅਪ੍ਰੈਲ ਨੂੰ ਟਿਕਰੀ ਬਾਰਡਰ ਉਤੇ 'ਕਿਸਾਨ ਸੋਸ਼ਲ ਆਰਮੀ' ਨਾਂਅ ਹੇਠਲੀ ਜਥੇਬੰਦੀ ਦੇ ਕੁਝ ਕਾਰਕੁਨਾਂ ਨਾਲ ਬੰਗਾਲ ਤੋਂ ਆਈ ਸੀ। ਦਿੱਲੀ ਜਾਂਦੇ ਹੋਏ ਅਤੇ ਦਿੱਲੀ ਪਹੁੰਚਣ ਉਤੇ ਉਸ ਨਾਲ ਬਦਸਲੂਕੀ ਕੀਤੀ ਗਈ ਅਤੇ ਇੱਕ ਹਫਤੇ ਬਾਅਦ ਔਰਤ ਨੂੰ ਬੁਖਾਰ ਹੋਇਆ ਤਾਂ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਪਰ ਤੀਹ ਅਪ੍ਰੈਲ ਨੂੰ ਕੋਵਿਡ ਕਾਰਨ ਉਸ ਦੀ ਮੌਤ ਹੋ ਗਈ।' ਬਲਬੀਰ ਸਿੰਘ ਰਾਜੇਵਾਲ ਨੇ ਕਿਹਾ, 'ਜਦੋਂਇਹ ਕੇਸ ਉਨ੍ਹਾਂ ਦੇ ਧਿਆਨ ਵਿੱਚ ਆਇਆ, ਸੰਯੁਕਤ ਕਿਸਾਨ ਮੋਰਚੇ ਦੀਆਂ ਕਮੇਟੀਆਂ ਨੇ ਇਸ ਉਤੇ ਵਿਚਾਰ ਕਰ ਕੇ ਸਖਤ ਕਾਰਵਾਈ ਕਰਨ ਦਾ ਫੈਸਲਾ ਕੀਤਾ। ਮੋਰਚੇ ਦੀ ਟਿਕਰੀ ਕਮੇਟੀ ਦੇ ਫੈਸਲੇ ਅਨੁਸਾਰ ਚਾਰ ਦਿਨ ਪਹਿਲਾਂ 'ਕਿਸਾਨ ਸੋਸ਼ਲ ਆਰਮੀ' ਨਾਂਅ ਦੀ ਸੰਸਥਾ ਦੇ ਤੰਬੂ ਅਤੇ ਬੈਨਰ ਹਟਾ ਦਿੱਤੇ ਗਏ ਸਨ। ਮੋਰਚੇ ਦੀ ਸਟੇਜ ਤੋਂ ਇਸ ਘਟਨਾ ਦੇ ਦੋਸ਼ੀਆਂ ਨੂੰ ਅੰਦੋਲਨ ਤੋਂ ਬਾਹਰ ਕਰਨ ਤੇ ਉਨ੍ਹਾਂ ਦੇ ਸਮਾਜਕ ਬਾਈਕਾਟ ਦਾ ਐਲਾਨ ਕੀਤਾ ਗਿਆ।

ਗੁਰਨਾਮ ਸਿੰਘ ਚੜੂੰਨੀ ਨੇ ਕਿਹਾ, 'ਅੱਠ ਮਈ ਨੂੰ ਲੜਕੀ ਦੇ ਪਿਤਾ ਨੇ ਇਸ ਬਾਰੇ ਬਹਾਦੁਰਗੜ੍ਹ ਥਾਣੇ ਵਿੱਚ ਜਾ ਕੇ ਰਸਮੀ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਦੇ ਆਧਾਰ ਉਤੇ ਕੇਸ ਦਰਜ ਹੋਇਆ ਹੈ। ਸੰਯੁਕਤ ਕਿਸਾਨ ਮੋਰਚਾ ਇਸ ਜਾਂਚ ਵਿੱਚ ਪੁਲਸ ਨੂੰ ਸਹਿਯੋਗ ਦੇਵੇਗਾ ਤੇ ਇਸ ਕੇਸ ਵਿੱਚ ਕਿਸੇ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।' ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਉਹ ਕਿਸਾਨ ਬੀਬੀ ਤੇ ਮਹਿਲਾ ਜਥੇਬੰਦੀਆਂ ਨੂੰ ਭਰੋਸਾ ਦਿੰਦੇ ਹੋਏ ਕਿਸੇ ਵੀ ਔਰਤ ਦੀ ਆਜ਼ਾਦੀ ਪ੍ਰਭਾਵਤ ਨਹੀਂ ਹੋਏਗੀ ਤੇ ਔਰਤਾਂ ਨਾਲ ਦੁਰਵਿਹਾਰ ਜਾਂ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਕੋਰੋਨਾ ਖਿਲਾਫ ਜੰਗ ਵਿਚ ਕਿਸਾਨ ਸ਼ਿਕੰਜਵੀ, ਕਾੜ੍ਹੇ ਅਤੇ ਮਲਟੀ-ਵਿਟਾਮਿਨ ਕੈਪਸੂਲਾਂ ਦੀ ਡੱਟ ਕੇ ਵਰਤੋਂ ਕਰ ਰਹੇ ਨੇ

ਨਵੀਂ ਦਿੱਲੀ, 10 ਮਈ (ਪੋਸਟ ਬਿਊਰੋ)- ਤਿੰਨ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਲਈ ਪਿਛਲੇ ਲਗੱਭਗ ਛੇ ਮਹੀਨਿਆਂ ਤੋਂ ਦਿੱਲੀ ਦੀਆਂ ਸਰਹੱਦਾਂ ਉਤੇ ਅੰਦੋਲਨ ਕਰ ਰਹੇ ਕਿਸਾਨਾਂ ਨੇ ਆਪਣੇ ਖਾਣ-ਪੀਣ ਵਿੱਚ ਸ਼ਿਕੰਜਵੀ ਤੇ ਦੇਸੀ ਕਾੜ੍ਹੇ ਦੀ ਵਰਤੋਂ ਵਧਾ ਦਿੱਤੀ ਹੈ, ਜਿਸ ਨਾਲ ਇਮਿਊਨਿਟੀ ਵਧ ਸਕਦੀ ਹੈ।

ਵਰਨਣ ਯੋਗ ਹੈ ਕਿ ਭਾਰਤ ਵਿੱਚ ਕੋਰੋਨਾ ਵਾਇਰਸ ਦੇ ਇਨਫੈਕਸ਼ਨ ਕਾਰਨ ਰੋਜ਼ ਸੈਂਕੜੇ ਲੋਕਾਂ ਦੀ ਮੌਤ ਹੋ ਰਹੀ ਹੈ ਤੇ ਹਜ਼ਾਰਾਂ ਲੋਕ ਬੀਮਾਰੀ ਦੀ ਲਪੇਟ ਵਿੱਚ ਆ ਰਹੇ ਹਨ। ਇਸਦੇ ਬਾਵਜੂਦ ਕਿਸਾਨ ਆਪਣੀਆਂ ਮੰਗਾਂ ਮੰਨਵਾਏ ਬਿਨਾਂ ਵਾਪਸ ਜਾਣ ਲਈ ਤਿਆਰ ਨਹੀਂ।ਕਿਸਾਨਾਂ ਨੇ ਵਾਇਰਸ ਖ਼ਿਲਾਫ਼ ਰੋਗ-ਰੋਕੂ ਸਮਰੱਥਾ ਵਧਾਉਣ ਲਈ ਜ਼ਿੰਕ ਤੇ ਮਲਟੀ-ਵਿਟਾਮਿਨ ਦੀ ਖ਼ੁਰਾਕ ਲੈਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਕੋਵਿਡ-19 ਟੀਕਾਕਰਨ ਕਰਾਉਣ ਲਈ ਤਿਆਰ ਹਨ।ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਦੇ ਸੈਂਕੜੇ ਕਿਸਾਨ ਆਪਣੀਆਂ ਮੰਗਾਂਲਈ ਦਿੱਲੀ ਦੇ ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਬਾਰਡਰ ਉਤੇ ਡੇਰਾ ਲਾ ਕੇ ਬੈਠੇ ਹਨ। ਕਈ ਕਿਸਾਨਾਂ ਨੂੰ ਕੋਰੋਨਾ ਪ੍ਰਭਾਵਿਤ ਹੋਣ ਕਾਰਨ ਹਟਾਇਆ ਜਾ ਰਿਹਾ ਹੈ ਅਤੇ ਲੱਛਣ ਵਾਲੇ ਕੁਝ ਅੰਦੋਲਨਕਾਰੀਆਂ ਦਾ ਇਲਾਜ ਚੱਲ ਰਿਹਾ ਹੈ।ਕਿਸਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਸਿੰਘੂ ਬਾਰਡਰ ਉਤੇ ਕੋਰੋਨਾ ਵਾਇਰਸ ਦੇ ਕੇਸ ਨਹੀਂ ਹਨ। ਕਿਸਾਨ ਆਪਣਾ ਖਿਆਲ ਰੱਖ ਰਹੇ ਹਨ ਅਤੇ ਦੇਸੀ ਕਾੜ੍ਹੇ ਤੇ ਮਲਟੀ-ਵਿਟਾਮਿਨ ਦੇ ਕੈਪਸੂਲਾਂ ਦੀ ਵਰਤੋਂ ਕਰ ਰਹੇ ਹਨ।



ਕਿਸਾਨ ਨੇਤਾ ਕੁਲਵੰਤ ਸਿੰਘ ਨੇ ਕਿਹਾ ਕਿ ਸਿੰਘੂ ਬਾਰਡਰ ਦੇ ਇੱਕ ਹਸਪਤਾਲ ਵਿੱਚ ਹੀ ਟੀਕਾਕਰਨ ਕੇਂਦਰ ਚਲਾਇਆ ਜਾ ਰਿਹਾ ਹੈ, ਸਾਡੇ ਇੱਕ ਨੇਤਾ ਕੋਰੋਨਾ ਵਾਇਰਸ ਤੋਂ ਪ੍ਰਭਾਵਿਤ ਮਿਲੇ ਸਨ। ਉਹ ਅੱਜਕੱਲ੍ਹ ਠੀਕ ਹਨ। ਜਿਨ੍ਹਾਂ ਲੋਕਾਂ ਵਿੱਚ ਲੱਛਣ ਦਿਖਾਈ ਦੇ ਰਹੇ ਹਨ, ਉਨ੍ਹਾਂ ਦੀ ਜਾਂਚ ਕਰਾਈ ਜਾ ਰਹੀ ਹੈ। ਬਾਰਡਰ ਉਤੇ ਕਿਸਾਨ ਪੌਸ਼ਟਿਕ ਭੋਜਨ ਲੈ ਰਹੇ ਹਨ। ਬਾਰਡਰ ਦੇ ਨੇੜੇ ਹਸਪਤਾਲ ਵਿੱਚ ਟੀਕਾਕਰਨ ਮੁਹਿੰਮ ਚੱਲ ਰਹੀ ਹੈ।

# ਭਾਰਤੀ ਫੌਜ ਦੇ 400 ਸਾਬਕਾ ਮੈਡੀਕਲ ਅਫਸਰ ਫਿਰ ਤੋਂ ਸੇਵਾ ਵਿੱਚ ਆਉਣਗੇ

ਨਵੀਂ ਦਿੱਲੀ, 10 ਮਈ (ਪੋਸਟ ਬਿਊਰੋ)- ਭਾਰਤ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਨੇ ਹਥਿਆਰਬੰਦ ਫੌਜਾਂ ਦੀਆਂ ਮੈਡੀਕਲ ਸੇਵਾਵਾਂ (ਏ ਐਫ ਐਮ ਐਸ) ਨੂੰ ਨਿਰਦੇਸ਼ ਦਿੱਤਾ ਹੈ ਕਿ ਆਰਮੀ ਮੈਡੀਕਲ ਅਫਸਰ (ਏ ਐਮ ਸੀ) ਅਤੇ ਸ਼ਾਰਟ ਸਰਵਿਸ ਕਮਿਸ਼ਨ (ਐਸ ਐਸ ਸੀ) ਦੇ 400 ਸੇਵਾਮੁਕਤ ਮੈਡੀਕਲ ਅਫਸਰਾਂ ਨੂੰ ਵੱਧ ਤੋਂ ਵੱਧ 11 ਮਹੀਨੇ ਦੇ ਠੇਕੇ ਉਤੇ ਦੋਬਾਰਾ ਨਿਯੁਕਤ ਕਰੇ। ਰੱਖਿਆ ਮੰਤਰਾਲੇ ਨੇ ਕਿਹਾ ਕਿ ਕੋਰੋਨਾ ਇਨਫੈਕਸ਼ਨ ਕਾਰਨ 'ਟੂਰ ਆਫ ਡਿਊਟੀ' ਯੋਜਨਾ ਹੇਠ 2017 ਤੋਂ 2021 ਤੱਕ ਸੇਵਾਮੁਕਤ ਹੋਏ 400 ਸਾਬਕਾ ਏ ਐਮ ਸੀ/ਐਸ ਐਸ ਸੀ ਮੈਡੀਕਲ ਅਫਸਰਾਂ ਨੂੰ ਵੱਧ ਤੋਂ ਵੱਧ 11 ਮਹੀਨਿਆਂ ਦੇ ਠੇਕੇ ਉਤੇ ਰੱਖੇ ਜਾਣ ਦੀ ਉਮੀਦ ਹੈ।

ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਮੈਡੀਕਲ ਅਫਸਰਾਂ ਨੂੰ ਇੱਕ ਤੈਅ ਮਾਸਿਕ ਰਕਮ ਦਿੱਤੀ ਜਾਵੇਗੀ



ਅਤੇ ਇਹ ਉਨ੍ਹਾਂ ਦੀ ਸੇਵਾਮੁਕਤੀ ਸਮੇਂ ਤਨਖਾਹ ਤੋਂ ਪੈਨਸ਼ਨ ਰਾਸ਼ੀ ਕੱਟ ਕੇ ਦਿੱਤੀ ਜਾਵੇਗੀ। ਮਾਹਰਾਂ ਲਈ ਜੇ ਕੋਈ ਵਾਧੂ ਰਾਸ਼ੀ ਦੇਣਯੋਗ ਹੋਵੇਗੀ ਤਾਂ ਉਸ ਨੂੰ ਵੀ ਉਸ ਵਿੱਚ ਜੋੜ ਦਿੱਤਾ ਜਾਵੇਗਾ। ਕਰਾਰ ਰਹਿਣ ਤੱਕ ਦੇਣਯੋਗ ਰਾਸ਼ੀ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਨਹੀਂ ਹੋਵੇਗੀ। ਇਸ ਤੋਂ ਇਲਾਵਾ ਕੋਈ ਹੋਰ ਭੱਤਾ ਵੀ ਨਹੀਂ ਮਿਲੇਗਾ। ਮੈਡੀਕਲ ਅਫਸਰਾਂ ਨੂੰ ਨਾਗਰਿਕ ਮਾਪਦੰਡਾਂ ਮੁਤਾਬਕ ਸਿਹਤਮੰਦ ਹੋਣਾ ਲਾਜ਼ਮੀ ਹੋਵੇਗਾ। ਏ ਐਫ ਐਮ ਐਸ ਨੇ ਵਾਧੂ ਡਾਕਟਰਾਂ ਸਮੇਤ ਮਾਹਰਾਂ ਆਦਿ ਦੀ ਕੋਰੋਨਾ ਦੀ ਦੂਸਰੀ ਲਹਿਰ ਨੂੰ ਦੇਖ ਕੇ ਵੱਖ-ਵੱਖ ਹਸਪਤਾਲਾਂ ਵਿੱਚ ਪਹਿਲਾਂ ਹੀ ਨਿਯੁਕਤੀ ਕਰ ਲਈ ਹੈ। 31 ਦਸੰਬਰ ਨੂੰ ਰਿਟਾਇਰ ਹੋ ਰਹੇ ਐਸ ਐਸ ਸੀ ਦੇ ਡਾਕਟਰਾਂ ਨੂੰ ਪਹਿਲਾਂ ਹੀ ਸੇਵਾ ਵਾਧਾ ਦਿੱਤਾ ਜਾ ਚੁੱਕਾ ਹੈ ਅਤੇ ਇਸ ਨਾਲ 238 ਡਾਕਟਰਾਂ ਦਾ ਵਾਧਾ ਹੋਇਆ ਹੈ।ਕੋਰੋਨਾ ਵਾਇਰਸ ਇਨਫੈਕਸ਼ਨ ਦੀ ਦੂਜੀ ਲਹਿਰ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਭਾਰਤ ਦੇ ਵੱਖ-ਵੱਖ ਸੂਬਿਆਂ ਦੇ ਹਸਪਤਾਲਾਂ ਵਿੱਚ ਸਿਹਤ ਮੁਲਾਜ਼ਮਾਂ, ਵੈਕਸੀਨ, ਆਕਸੀਜਨ, ਦਵਾਈਆਂ ਅਤੇ ਬੈਡਾਂ ਦੀ ਕਮੀ ਹੈ। ਡਾਕਟਰਾਂ ਦੀ ਕਮੀ ਨਾਲ ਵੀ ਦੇਸ਼ ਜੂਝ ਰਿਹਾ ਹੈ। ਇਸ ਲਈ ਵੀ ਇਹ ਫੈਸਲਾ ਅਹਿਮ ਮੰਨਿਆ ਜਾ ਰਿਹਾ ਹੈ।

## ਪਾਕਿ ਪੰਜਾਬ ਵਿੱਚ ਪੰਜਾਬੀ ਲਾਗੂ ਕਰਨ ਦੇ ਹੁਕਮ ਨਾ ਮੰਨਣ ਤੋਂ ਮੁੱਖ ਮੰਤਰੀ ਤੇ ਹੋਰਨਾਂ ਵਿਰੁੱਧ ਕਾਰਵਾਈ

ਇਸਲਾਮਾਬਾਦ, 10 ਮਈ (ਪੋਸਟ ਬਿਊਰੋ)- ਪਾਕਿਸਤਾਨ ਦੀ ਸੁਪਰੀਮ ਕੋਰਟ ਦੇ ਹੁਕਮ ਦੇ ਬਾਵਜੂਦ ਪੰਜ ਸਾਲ ਤੋਂ ਪਾਕਿਸਤਾਨ ਦੇ ਸੂਬੇ ਪੰਜਾਬ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਲਾਗੂ ਨਾ ਕਰਨ 'ਤੇ ਬੈਂਚ ਸਖ਼ਤ ਹੋ ਗਈ ਹੈ। ਕੋਰਟ ਨੇ ਹੁਕਮ ਜਾਰੀ ਕਰ ਕੇ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜਦਾਰ, ਸਾਬਕਾ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਸਬੰਧਤ ਉਚ ਅਧਿਕਾਰੀਆਂ ਦੇ ਖ਼ਿਲਾਫ਼ ਅਦਾਲਤ ਦੇ ਹੁਕਮ ਨਾ ਮੰਨਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨੀ ਸੁਪਰੀਮ ਕੋਰਟ ਨੇ ਅੱਠ ਸਤੰਬਰ 2015 ਨੂੰ ਇੱਕ ਪਟੀਸ਼ਨ 'ਤੇ ਹੁਕਮ ਜਾਰੀ ਕੀਤਾ ਸੀ ਕਿ ਪਾਕਿਸਤਾਨੀ ਪੰਜਾਬ ਵਿੱਚ ਸੰਵਿਧਾਨ ਦੀ ਧਾਰਾ-251 ਦੀ ਪਾਲਣਾ ਹੇਠ 5ਵੀਂ ਤੱਕ ਪੰਜਾਬੀ ਭਾਸ਼ਾ ਨੂੰ ਜ਼ਰੂਰੀ ਅਤੇ ਫਿਰ ਗੈਜੂਏਸ਼ਨ ਤੱਕ ਬਦਲਵੀਂ ਭਾਸ਼ਾ ਵਜੋਂ ਲਾਗੂ ਕੀਤਾ ਜਾਵੇ। ਸੂਤਰਾਂ ਅਨੁਸਾਰ ਡਾ. ਮੁਹੰਮਦ ਸਾਮੀ ਪੰਜਾਬੀ ਨੇ ਸੁਪਰੀਮ ਕੋਰਟ ਵਿੱਚ ਅਦਾਲਤ ਦੇ ਹੁਕਮ ਦੀ ਪਾਲਣਾ ਨਾ ਕਰਨ ਦੀ ਅਰਜ਼ੀ ਦੇ ਕੇ ਮੰਗ ਕੀਤੀ ਕਿ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਦੇ ਅੱਠ ਸਤੰਬਰ 2015 ਦੇ ਚੀਫ ਜਸਟਿਸ ਜਵਾਦ ਐਸ ਖਵਾਜ਼ਾ ਦੇ ਹੁਕਮ ਨੂੰ ਅੱਜ ਤੱਕ ਲਾਗੂ ਨਹੀਂ ਕੀਤਾ ਤੇ ਉਸ ਨੇ ਆਰਡਰ ਦੀ ਕਾਪੀ ਤੇ ਪੰਜਾਬ ਸਰਕਾਰ ਵੱਲੋਂ ਹੁਕਮ ਦੀ ਪਾਲਣਾ ਨਾ ਕਰਨ ਸਬੰਧੀ ਸਬੂਤ ਸਮੇਤ ਪਟੀਸ਼ਨ ਨੂੰ ਸਵੀਕਾਰ ਕਰਦਿਆਂ ਮੁੱਖ ਮੰਤਰੀ ਪੰਜਾਬ, ਸਾਬਕਾ ਮੁੱਖ ਮੰਤਰੀ ਅਤੇ ਉਚ ਅਧਿਕਾਰੀਆਂ ਵਿਰੁੱਧ ਕਾਰਵਾਈ ਦਾ ਹੁਕਮ ਦਿੱਤਾ ਅਤੇ ਅਗਲੀ ਪੇਸ਼ੀ ਤੱਕ ਸਾਰਿਆਂ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ।

# ਡਾਕਟਰ ਨੇ ਬਜ਼ੁਰਗ ਨੂੰ ਮਰਿਆ ਕਿਹਾ, ਪਰ ਬੇਟੀ ਲਿਪਟ ਕੇ ਰੋਈ ਤਾਂ ਬਾਪ ਜਿੰਦਾ ਹੋ ਗਿਆ

ਬੀਕਾਨੇਰ, 10 ਮਈ (ਪੋਸਟ ਬਿਊਰੋ)- ਹਸਪਤਾਲਾਂ ਵਿੱਚ ਮਰੀਜ਼ਾਂ ਦੀ ਬੇਕਦਰੀ ਦਾ ਸ਼ਰਮਨਾਕ ਕੇਸ ਸਾਹਮਣੇ ਆਇਆ ਹੈ। ਰਾਜਸਥਾਨ ਦੇ ਬੀਕਾਨੇਰ ਵਿੱਚ ਆਕਸੀਜਨ ਘੱਟ ਹੋਣ ਉਤੇ ਭਰਤੀ ਕਰਵਾਏ ਸੱਤਰ ਸਾਲ ਦੇ ਬਜ਼ੁਰਗ ਭੰਵਰ ਸਿੰਘ ਚੌਹਾਨ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ। ਹਸਪਤਾਲ ਪ੍ਰਸ਼ਾਸਨ ਡੈਥ ਕਾਰਡ ਬਣਾਉਣ ਅਤੇ ਲਾਸ਼ ਪਰਵਾਰ ਨੂੰ ਸੌਂਪਣ ਦੀ ਤਿਆਰੀ ਵਿੱਚ ਸੀ ਕਿ ਬਜ਼ੁਰਗ ਦੀ ਬੇਟੀ ਸਵਾਤੀ ਬਾਪ ਦੇ ਸਰੀਰ ਨਾਲ ਚਿੰਬੜ ਕੇ ਰੋਣ ਲੱਗੀ ਤਾਂ ਮਰੀਜ਼ ਦੇ ਸਰੀਰ ਵਿੱਚ ਹਰਕਤ ਹੋਣ ਲੱਗ ਪਈ। ਡਾਕਟਰਾਂ ਨੇ ਚੈਕ ਕੀਤਾ ਤਾਂ ਪਲਸ ਤੇ ਹਾਰਟ ਬੀਟ ਚੱਲ ਰਹੀ ਸੀ।

ਇੰਦਰਾ ਕਾਲੋਨੀ ਦੇ ਭੰਵਰ ਸਿੰਘ ਨੂੰ ਚਾਰ ਮਈ ਨੂੰ ਭਰਤੀ ਕਰਾਇਆ ਗਿਆ ਸੀ। ਡੇਢ ਮਹੀਨਾ ਪਹਿਲਾਂ ਉਨ੍ਹਾਂ ਦੀ ਕਿਡਨੀ ਵਿਚਲੇ ਕੈਂਸਰ ਦਾ ਆਪਰੇਸ਼ਨ ਹੋਇਆ ਸੀ। ਸ਼ਨੀਵਾਰ ਦੁਪਹਿਰ 12 ਵਜੇ ਹਾਲਤ ਵਿਗੜੀ, ਡਾਕਟਰਾਂ ਨੇ ਈ ਸੀ ਜੀ ਕਰਾਈ ਅਤੇ ਆਕਸੀਜਨ ਵਧਾਈ। ਇੱਕ ਘੰਟੇ ਬਾਅਦ ਟੈਕਨੀਸ਼ਨ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਮੈਡੀਸਨ ਵਿਭਾਗ ਦੇ ਮੁਖੀ ਡਾਕਟਰ ਬੀ ਕੇ ਗੁਪਤਾ ਦਾ ਕਹਿਣਾ ਹੈ ਕਿ ਉਹ ਲੈਬ ਟੈਕਨੀਸ਼ੀਅਨ ਨੂੰ ਤਲਬ ਕਰ ਕੇ ਜਾਂਚ ਕਰਨਗੇ। ਬਜ਼ੁਰਗ ਦੇ ਫਿਲਹਾਲ ਸਾਹ ਚੱਲ ਰਹੇ ਹਨ।







# ਪ੍ਰਸਿੱਧ ਡਾਕਟਰੀ ਮੈਗਜ਼ੀਨ 'ਦ ਲੈਂਸੇਟ' ਵਿੱਚ ਨਰਿੰਦਰ ਮੋਦੀ ਦੀ ਤਿੱਖੀ ਆਲੋਚਨਾ

ਵਾਸ਼ਿੰਗਟਨ, 10 ਮਈ (ਪੋਸਟ ਬਿਊਰੋ)- ਭਾਰਤ ਵਿੱਚ ਕਾਲ ਦਾ ਰੂਪ ਬਣ ਕੇ ਆਈ ਕੋਰੋਨਾ ਵਾਇਰਸ ਮਹਾਂਮਾਰੀ ਦੀ ਦੂਜੀ ਲਹਿਰ ਨੇ ਪੂਰੀ ਦੁਨੀਆ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ। ਵਿਗਿਆਨ ਤੇ ਖੋਜਕਰਤਾ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਆਖਰ ਹਾਲਾਤ ਏਨੇ ਭਿਆਨਕ ਕਿਵੇਂ ਬਣ ਗਏ।

ਇਸੇ ਦੌਰਾਨ ਮਸ਼ਹੂਰ ਮੈਡੀਕਲ ਮੈਗਜ਼ੀਨ 'ਦ ਲੈਂਸੇਟ' ਦੀ ਸੰਪਾਦਕੀ ਵਿੱਚ ਇਸ ਮਹਾਂਮਾਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਨੂੰ ਜ਼ਿੰਮੇਵਾਰ ਕਿਹਾ ਗਿਆ ਹੈ। ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਹਸਪਤਾਲ ਮਰੀਜ਼ਾਂ ਨਾਲ ਭਰੇ ਪਏ ਹਨ, ਆਕਸੀਜਨ ਦੀ ਭਾਰੀ ਕਮੀ ਹੈ ਤੇ ਸੋਸ਼ਲ ਮੀਡੀਆ ਉੱਤੇ ਲੋਕ ਅਤੇ ਡਾਕਟਰ ਮੈਡੀਕਲ ਆਕਸੀਜਨ, ਹਸਪਤਾਲਾਂ ਵਿੱਚ ਬੈਡ ਤੇ ਦੂਜੀ ਜ਼ਰੂਰਤਾਂ ਲਈ ਗੁਹਾਰ ਲਾ ਰਹੇ ਹਨ ਪਰ ਇਸ ਮੁਸ਼ਕਲ ਸਮੇਂ 'ਚ ਉਨ੍ਹਾਂ ਦੀ ਮਦਦ ਅਤੇ ਉਕਤ ਹਾਲਾਤ ਲਈ ਜ਼ਿੰਮੇਵਾਰੀ ਲੈਣ ਵਾਲਾ ਕੋਈ ਨਹੀਂ ਹੈ।

'ਦ ਲੈਂਸੇਟ' ਅਨੁਸਾਰ ਅਜਿਹੇ ਮੁਸ਼ਕਲ ਸਮੇਂ ਵਿੱਚ ਨਰਿੰਦਰ ਮੋਦੀ ਦੀ ਸੋਸ਼ਲ ਮੀਡੀਆ ਉਤੇ ਆਪਣੀ ਆਲੋਚਨਾ ਤੇ ਖੁੱਲ੍ਹੀ ਚਰਚਾ ਨੂੰ ਦਬਾਉਣ ਦੀ ਕੋਸ਼ਿਸ਼ ਮੁਆਫ਼ੀ ਦੇ ਯੋਗ ਨਹੀਂ। ਵਿਅੰਗ ਕੱਸਦਿਆਂ



ਕਿਹਾ ਗਿਆ ਹੈ ਕਿ ਲੱਗਦਾ ਹੈ ਕਿ ਮੋਦੀ ਸਰਕਾਰ ਦਾ ਧਿਆਨ ਟਵਿੱਟਰ ਉਤੇ ਆਪਣੀ ਆਲੋਚਨਾ ਨੂੰ ਹਟਾਉਣ ਉਤੇ ਵੱਧ ਅਤੇ ਮਹਾਂਮਾਰੀ ਨੂੰ ਕਾਬੂ ਕਰਨ 'ਤੇ ਘੱਟ ਸੀ। ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਕੋਰੋਨਾ ਖ਼ਿਲਾਫ਼ ਸ਼ੁਰੂਆਤੀ ਸਫ਼ਲਤਾ ਤੋਂ ਬਾਅਦ ਸਰਕਾਰ ਦੀ ਟਾਸਕ ਫੋਰਸ ਦੀ ਮੀਟਿੰਗ ਅਪ੍ਰੈਲ ਤੱਕ ਇੱਕ ਵਾਰ ਵੀ ਨਹੀਂ ਹੋਈ ਤੇ ਇਸ ਸਭ ਦਾ ਨਤੀਜਾ ਸਾਡੇ ਸਾਹਮਣੇ ਹੈ। 'ਦ ਲੈਂਸੇਟ' ਨੇ ਲਿਖਿਆ ਕਿ ਕੁਝ ਰਾਜਾਂ ਨੇ ਬੈਡ ਤੇ ਆਕਸੀਜਨ ਲਈ ਗੁਹਾਰ ਲਾ ਰਹੇ ਲੋਕਾਂ ਦੇ ਖ਼ਿਲਾਫ਼ ਦੇਸ਼ ਦੀ ਸੁਰੱਖਿਆ ਨਾਲ ਜੁੜੇ ਕਾਨੂੰਨਾਂ ਦੀ ਵਰਤੋਂ ਕੀਤੀ। ਸੰਪਾਦਕੀ ਅਨੁਸਾਰ ਸਰਕਾਰ ਵੱਲੋਂ ਚਿਤਾਵਨੀ ਦੇ ਬਾਵਜੂਦ ਕੁੰਭ ਅਤੇ ਰਾਜਨੀਤਿਕ ਰੈਲੀਆਂ ਦੀ ਇਜਾਜ਼ਤ ਦੇ ਕੇ ਲੱਖਾਂ ਲੋਕਾਂ ਨੂੰ ਇਕੱਠਾ ਕੀਤਾ ਗਿਆ, ਜਿਸ ਨਾਲ ਦੇਸ਼ ਵਿੱਚ ਭਿਆਨਕ ਕੋਰੋਨਾ ਧਮਾਕਾ ਹੋ ਗਿਆ।

## ਚੀਨੀ ਰਾਕੇਟ ਹਿੰਦ ਮਹਾਸਾਗਰ ਵਿੱਚ ਡਿੱਗਾ



ਬੀਜਿੰਗ, 10 ਮਈ (ਪੋਸਟ ਬਿਊਰੋ)- ਚੀਨ ਦੇ ਬੇਕਾਬੂ ਹੋਏ ਰਾਕੇਟ (ਲਾਂਗ ਮਾਰਚ) ਦਾ ਮਲਬਾ ਧਰਤੀ ਦੇ ਵਾਤਾਵਰਣ ਵਿੱਚ ਦਾਖਲ ਹੋ ਕੇ ਮਾਲਦੀਵ ਨੇੜੇ ਹਿੰਦ ਮਹਾਸਾਗਰ ਵਿੱਚ ਡਿੱਗ ਗਿਆ।

ਇਸ ਬਾਰੇ ਚੀਨੀ ਪੁਲਾੜ ਏਜੰਸੀ ਵੱਲੋਂ ਚੀਨ ਦੇ 'ਮੈਨਡ ਸਪੇਸ ਇੰਜੀਨੀਅਰਿੰਗ' ਦਫਤਰ ਨੇ ਦੱਸਿਆ ਕਿ ਚੀਨ ਦੇ ਲਾਂਗ ਮਾਰਚ-5 ਬੀ ਰਾਕੇਟ ਦਾ ਮਲਬਾ ਭਾਰਤੀ ਸਮੇਂ ਮੁਤਾਬਕ ਸਵੇਰੇ 7.45 ਵਜੇ ਧਰਤੀ ਦੇ ਵਾਤਾਵਰਣ ਵਿੱਚ ਫਿਰ ਦਾਖਲ ਹੋ ਗਿਆ ਤੇ ਉਹ 72.7 ਡਿਗਰੀ ਦੇਸ਼ਾਤਰ ਤੇ 2.65 ਡਿਗਰੀ ਉਤਰੀ ਅਕਸ਼ਾਂਸ਼ ਵਿੱਚ ਸਮੁੰਦਰ ਦੇ ਇੱਕ ਖੁੱਲ੍ਹੇ ਇਲਾਕੇ ਵਿੱਚ ਡਿੱਗਿਆ। ਇਸ ਮਲਬੇ ਨੂੰ ਟਰੈਕ ਕਰ ਰਹੀ ਅਮਰੀਕੀ ਪੁਲਾੜ ਕਮਾਂਡ ਮੁਤਾਬਕ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਮਲਬਾ ਜ਼ਮੀਨ ਉੱਤੇ ਡਿੱਗਿਆ ਜਾਂ ਪਾਣੀ ਵਿੱਚ।
ਸਾਊਥ ਚਾਈਨਾ ਮਾਰਨਿੰਗ ਪੋਸਟ ਨੇ ਦੱਸਿਆ ਕਿ ਜ਼ਿਆਦਾਤਰ ਮਲਬਾ ਧਰਤੀ ਦੇ ਵਾਤਾਵਰਣ ਵਿੱਚ ਮੁੜ ਦਾਖਲ ਹੁੰਦੇ ਹੀ ਸੜ ਗਿਆ ਸੀ। ਚੀਨ ਨੇ ਇਸ ਰਾਕੇਟ ਦੀ ਮਦਦ ਨਾਲ ਪੁਲਾੜ ਵਿੱਚ ਬਣਾਏ ਜਾਣ ਵਾਲੇ ਆਪਣੇ ਤਿਆਂਗਗੋਂਗ ਸਪੇਸ ਸਟੇਸ਼ਨ ਦਾ ਪਹਿਲਾਂ ਹਿੱਸਾ ਭੇਜਿਆ ਸੀ। ਇਸ ਰਾਕੇਟ ਵਿੱਚ 29 ਅਪ੍ਰੈਲ ਨੂੰ ਦੱਖਣੀ ਟਾਪੂ ਸੂਬੇ ਹੈਨਾਨ ਵਿੱਚ ਵੇਂਗਚਾਂਗ ਪੁਲਾੜ ਜਹਾਜ਼ ਲਾਂਚ ਸਾਈਟ ਉਤੇ ਧਮਾਕਾ ਹੋ ਗਿਆ ਸੀ। ਇਹ ਵਿਸ਼ਾਲ ਰਾਕੇਟ 108 ਫੁੱਟ ਲੰਬਾ ਤੇ 20 ਟਨ ਵਜ਼ਨ ਦਾ ਸੀ। ਧਰਤੀ ਦੇ ਵਾਤਾਵਰਣ ਵਿੱਚ ਦਾਖਲ ਹੋਣ ਵਾਲਾ ਇਹ ਛੇਵਾਂ ਸਭ ਤੋਂ ਵੱਡਾ ਆਬਜੈਕਟ ਸੀ।

ਇਸ ਤੋਂ ਪਹਿਲਾਂ ਅਮਰੀਕਾ ਰੱਖਿਆ ਵਿਭਾਗ ਪੈਂਟਾਗਨ ਨੇ ਮੰਗਲਵਾਰ ਕਿਹਾ ਸੀ ਕਿ ਉਹ ਚੀਨ ਦੇ ਉਸ ਵਿਸ਼ਾਲ ਰਾਕੇਟ ਦਾ ਪਤਾ ਲਾ ਰਿਹਾ ਹੈ ਜਿਹੜਾ ਕੰਟਰੋਲ ਤੋਂ ਬਾਹਰ ਹੋ ਗਿਆ ਹੈ ਤੇ ਉਸ ਦੇ ਇਸ ਹਫਤੇ ਦੇ ਅੰਤ ਤੱਕ ਧਰਤੀ ਦੇ ਵਾਤਾਵਰਣ ਵਿੱਚ ਦਾਖਲ ਹੋਣ ਦਾ ਡਰ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂਗ ਵੇਨਬਿਨ ਨੇ ਇਸ ਹਫਤੇ ਇਹ ਦੱਸਿਆ ਸੀ ਕਿ ਰਾਕੇਟ ਦਾ ਮਲਬਾ ਧਰਤੀ ਦੇ ਵਾਤਾਵਰਨ ਵਿੱਚ ਆਵੇਗਾ ਤਾਂ ਸੜ ਜਾਵੇਗਾ।

## ਮਾਸਕ ਤੇ ਦੂਰੀ ਦੇ ਨਿਯਮਾਂ ਵਿੱਚ ਛੋਟ, ਪਰ ਸੁਰੱਖਿਆ ਦੇ ਨਵੇਂ ਨਿਯਮ ਬਣੇ



ਅਮਰੀਕਾ, 10 ਮਈ (ਪੋਸਟ ਬਿਊਰੋ)- ਅਮਰੀਕਾ ਵਿੱਚ ਬਿਮਾਰੀ ਕੰਟਰੋਲ ਕੇਂਦਰਾਂ (ਸੀ ਡੀ ਸੀ) ਦਾ ਕਹਿਣਾ ਹੈ ਕਿ ਵੈਕਸੀਨ ਲਵਾ ਚੁੱਕੇ ਲੋਕ ਬਿਨਾਂ ਮਾਸਕ ਦੇ ਵੀ ਕਮਰਿਆਂ ਅਤੇ ਹਾਲ ਦੇ ਅੰਦਰ ਇਕੱਠੇ ਹੋ ਸਕਦੇ ਹਨ। ਛੇ ਫੁੱਟ ਦੀ ਦੂਰੀ ਦਾ ਨਿਯਮ ਲਾਗੂ ਹੈ। ਫਿਰ ਵੀ ਕਈ ਬਾਰ, ਨਾਈਟ ਕਲੱਬਾਂ ਨੇ ਵੈਕਸੀਨ ਦਾ ਸਬੂਤ ਦੇਣ ਦੇ ਲਈ ਵੈਕਸੀਨੇਸ਼ਨ ਕਾਰਡ ਜ਼ਰੂਰੀ ਕਰ ਦਿੱਤਾ ਹੈ। ਕਲੱਬਾਂ ਦੇ ਬਾਲਰੂਮ ਵਿੱਚ ਡਾਂਸ ਕਰਨ ਵਾਲੇ ਗਰੁੱਪਾਂ ਲਈ ਸਫੈਦ ਟੇਪ ਨਾਲ ਅਲੱਗ-ਅਲੱਗ ਜਗ੍ਹਾ ਘੇਰ ਦਿੱਤੀ ਜਾਂਦੀ ਹੈ। ਸਾਰੇ ਦੇਸ਼ ਖਾਸਕਰ ਨਿਊ ਯਾਰਕ ਸ਼ਹਿਰ ਅਤੇ ਆਸਪਾਸ ਦੇ ਇਲਾਕਿਆਂ ਵਿੱਚ ਪਾਰਟੀਆਂ ਵਿੱਚ ਕੇਵਲ ਵੈਕਸੀਨ ਲਗਾਉਣ ਵਾਲੇ ਲੋਕਾਂ ਨੂੰ ਆਉਣ ਦੀ ਇਜਾਜ਼ਤ ਹੈ।

ਪਤਾ ਲੱਗਾ ਹੈ ਕਿ ਲੋਕ ਸੀ ਡੀ ਸੀ ਦੇ ਵੈਕਸੀਨ ਕਾਰਡ ਦੇ ਬਿਨਾ ਇਹ ਸਬੂਤ ਦੇ ਸਕਦੇ ਹਨ ਕਿ ਉਨ੍ਹਾਂ ਨੇ ਕਿਸੇ ਵੈਕਸੀਨ ਦੇ ਟਰਾਇਲ ਵਿੱਚ ਹਿੱਸਾ ਲਿਆ ਸੀ। ਵਿਦੇਸ਼ੀ ਵੈਕਸੀਨਾਂ ਦੇ ਕਾਰਡ ਵੀ ਮੰਨਣਯੋਗ ਹਨ। ਨਿਊ ਯਾਰਕ ਸੂਬੇ ਵਿੱਚ ਬਾਰ, ਕਲੱਬ ਤੋਂ ਵੈਕਸੀਨੇਸ਼ਨ ਦੇ ਸਬੂਤ ਮੰਗਣ ਲਈ ਕਿਹਾ ਗਿਆ ਹੈ। ਦੂਸਰੇ ਰਾਜਾਂ ਵਿੱਚ ਸਥਿਤੀ ਥੋੜ੍ਹੀ ਅਲੱਗ ਹੈ। ਕੈਲੀਫੋਰਨੀਆ ਵਿੱਚ ਵੈਕਸੀਨੇਸ਼ਨ ਕਾਰਡ ਜਾਂ ਨੈਗੇਟਿਵ ਕੋਵਿਡ ਟੈਸਟ ਰਿਪੋਰਟ ਦੀ ਮਨਜ਼ੂਰੀ ਹੈ। ਫਲੋਰੀਡਾ ਵਿੱਚ ਵੈਕਸੀਨੇਸ਼ਨ ਦਾ ਸਬੂਤ ਮੰਗਣ ਵਾਲੇ ਵਪਾਰਕ ਅਦਾਰਿਆਂ, ਸਕੂਲਾਂ ਅਤੇ ਸਰਕਾਰੀ ਦਫਤਰਾਂ ਉਤੇ ਚਾਲੀ ਹਜ਼ਾਰ ਰੁਪਏ ਜੁਰਮਾਨਾ ਲਾਉਣ ਦਾ ਕਾਨੂੰਨ ਬਣਾਇਆ ਗਿਆ ਹੈ। ਨਿੱਜੀ ਪਾਰਟੀਆਂ ਵਿੱਚ ਬਾਊਂਸਰ ਮਹਿਮਾਨਾਂ ਦਾ ਵੈਕਸੀਨ ਕਾਰਡ ਦੇਖਦੇ ਹਨ। ਕੁਝ ਮੇਜ਼ਬਾਨ ਮਹਿਮਾਨ ਦੀ ਵੈਕਸੀਨੇਸ਼ਨ ਸਥਿਤੀ ਦੀ ਜਾਂਚ ਕਰਨ ਦੇ ਲਈ ਡਾਕਟਰਾਂ ਦੀਆਂ ਸੇਵਾਵਾਂ ਲੈ ਰਹੇ ਹਨ। ਡਾਕਟਰ ਆਸਮਾ ਰਸ਼ੀਦ ਦੱਸਦੀ ਹੈ ਕਿ ਪਿਛਲੇ ਮਹੀਨੇ ਉਨ੍ਹਾਂ ਨੂੰ ਦਸ ਪਾਰਟੀਆਂ ਵਿੱਚ ਮਹਿਮਾਨਾਂ ਦੀ ਜਾਂਚ ਦੇ ਲਈ ਬੁਲਾਇਆ ਗਿਆ ਸੀ। ਅਜਿਹਾ ਕੰਪਨੀਆਂ ਅਤੇ ਅਮੀਰਾਂ ਦੀਆਂ ਪਾਰਟੀਆਂ ਵਿੱਚ ਹੁੰਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

# CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
KULWINDERCHHINA
BROKER
647.293.2327

## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

UPPAL LAW
AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

